# ਪੰਜਾਬ ਰਾਜ ਬਿਜਲੀ ਬੋਰਡ

## ਚੌਥੀ ਸ਼੍ਰੇਣੀ ਸੇਵਾ ਵਿਨਿਯਮ

1968

31-11-2000 ਤੱਕ ਸੋਧਾਂ ਸਹਿਤ

ਪ੍ਰਕਾਸ਼ਕ

ਸਕੱਤਰ

ਪੰਜਾਬ ਰਾਜ ਬਿਜਲੀ ਬੋਰਡ,

ਪਟਿਆਲਾ ।

ਪੰਜਾਬ ਰਾਜ ਬਿਜਲੀ ਬੋਰਡ ਚੌਥੀ ਸ਼੍ਰੇਣੀ ਸੇਵਾ ਵਿਨਿਯਮ

1968

ਨੋਟੀਫਿਕੇਸ਼ਨ ਨੰ: 101/80/ਆਰ:ਏ:ਜ਼ੀ-65/ਪੰ:ਰਾ:ਬਿ:ਬੋ, ਪਟਿਆਲਾ 5/68
ਮਿਤੀ 20.12.2006

ਪੰਜਾਬ ਰਾਜ ਬਿਜਲੀ ਬੋਰਡ, ਬਿਜਲੀ (ਸਪਲਾਈ) ਐਕਟ 1948 ਦੀ ਧਾਰਾ 79 (ੲ) ਅਧੀਨ ਦਿਤੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ, ਪੰਜਾਬ ਰਾਜ ਬਿਜਲੀ ਬੋਰਡ ਚੌਥੀ ਸ਼੍ਰੇਣੀ ਦੀ ਸੇਵਾ ਵਿਚ ਭਰਤੀ ਅਤੇ ਇਸ ਵਿਚ ਨਿਯੁਕਤ ਕੀਤੇ ਗਏ ਵਿਅਕਤੀਆਂ ਦੀਆਂ ਸੇਵਾਵਾਂ ਸਬੰਧੀ ਹੇਠਾਂ ਦਰਜ ਵਿਨਿਯਮ ਬਣਾਉਣ ਵਿਚ ਖੁਸ਼ੀ ਮਹਿਸੂਸ ਕਰਦਾ ਹੈ :-

## ਵਿਨਿਯਮ

### ਸੰਖੇਪ ਨਾਂ, ਆਰੰਭ ਅਤੇ ਪਸਾਰ ਸੀਮਾ

1. (1) ਇਨ੍ਹਾਂ ਵਿਨਿਯਮਾਂ ਨੂੰ "ਪੰਜਾਬ ਰਾਜ ਬਿਜਲੀ ਬੋਰਡ ਚੌਥੀ ਸ਼੍ਰੇਣੀ ਸੇਵਾ ਵਿਨਿਯਮ 1968" ਕਿਹਾ ਜਾਵੇਗਾ

(2) ਇਹ ਤੁਰੰਤ ਲਾਗੂ ਹੋ ਜਾਣਗੇ ।

(3) ਇਹ ਸੇਵਾ ਦੇ ਹਰੇਕ ਮੈਂਬਰ ਤੇ ਲਾਗੂ ਹੋਣਗੇ ।

ਪਰ ਸ਼ਰਤ ਇਹ ਹੈ ਕਿ ਜੇ ਇਨ੍ਹਾਂ ਵਿਚੋਂ ਕਿਸੇ ਵਿਨਿਯਮ ਨਾਲ, ਸੇਵਾ ਦੇ ਕਿਸੇ ਮੈਂਬਰ ਨੂੰ, ਇਨ੍ਹਾਂ ਨਿਯਮਾਂ ਦੇ ਲਾਗੂ ਹੋਣ ਦੀ ਮਿਤੀ ਤੋਂ ਤੁਰੰਤ ਪਹਿਲਾਂ, ਉਸ ਉਤੇ ਲਾਗੂ ਸੇਵਾ ਸ਼ਰਤਾਂ ਦੇ ਮੁਕਾਬਲੇ ਤੇ ਨੁਕਸਾਨ ਹੁੰਦਾ ਹੋਵੇ ਤਾਂ ਉਸ ਮੈਂਬਰ ਉਤੇ, ਉਸ ਮਿਤੀ ਤੋਂ ਤੁਰੰਤ ਪਹਿਲਾਂ ਦੀਆਂ ਸੇਵਾ-ਸ਼ਰਤਾਂ ਦੇ ਨਿਯਮ ਉਤਨੀ ਹੱਦ ਤੱਕ ਲਾਗੂ ਰਹਿਣਗੇ, ਜਿਤਨਾ ਕਿ ਇਨ੍ਹਾਂ ਵਿਨਿਯਮਾਂ ਵਿੱਚੋਂ ਕੋਈ ਨੁਕਸਾਨ ਪਹੁੰਚਦਾ ਹੋਵੇ ।

## ਪਰਿਭਾਸ਼ਾਵਾਂ

2. ਜਦੋਂ ਤਕ ਇਨ੍ਹਾਂ ਵਿਨਿਯਮਾਂ ਵਿਚ ਵਿਸ਼ੇ ਜਾਂ ਪ੍ਰਸੰਗ ਅੰਦਰ ਕੋਈ ਵਿਰੋਧ ਨਾ ਹੋਵੇ :-

(ੳ) 'ਐਕਟ' ਤੋਂ ਭਾਵ, ਬਿਜਲੀ (ਸਪਲਾਈ) ਐਕਟ, 1948 ਜੋ ਸਮੇਂ ਸਮੇਂ ਸੋਧਿਆ ਗਿਆ ।

(ਅ) 'ਬੋਰਡ' ਤੋਂ ਭਾਵ, ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 5 ਅਧੀਨ ਸਥਾਪਤ ਕੀਤਾ ਗਿਆ ਪੰਜਾਬ ਰਾਜ ਬਿਜਲੀ ਬੋਰਡ ਹੈ ।

Secretary
P.S.E.B. Patiala

ਰ:ਫ਼ੈ
22/12/06

(ਝ) 'ਸਿੱਧੀ ਨਿਯੁਕਤੀ' ਤੋਂ ਭਾਵ, ਸੇਵਾ ਵਿਚਲੇ ਕਿਸੇ ਵਿਅਕਤੀ ਨੂੰ ਤਰੱਕੀ ਦੇ ਕੇ ਨਿਯੁਕਤ ਕਰਨ ਤੋਂ ਹੋਰਵੇਂ, ਜਾਂ ਕਿਸੇ ਹੋਰ ਅਦਾਰੇ ਵਿਚ ਪਹਿਲਾਂ ਤੋਂ ਹੀ ਸੇਵਾ ਕਰ ਰਹੇ ਕਿਸੇ ਅਫਸਰ ਦੀ ਤਬਦੀਲੀ ਰਾਹੀ ਕੀਤੀ ਗਈ ਨਿਯੁਕਤੀ ਹੈ।

(ਸ) 'ਸਰਕਾਰ' ਤੋਂ ਭਾਵ ਪੰਜਾਬ ਰਾਜ ਦੀ ਸਰਕਾਰ ਹੈ ।

(ਹ) 'ਨਿਯੁਕਤੀ ਅਧਿਕਾਰੀ' ਤੋਂ ਭਾਵ ਬੋਰਡ ਦਾ ਸਕੱਤਰ, ਮੁੱਖ ਇੰਜੀਨੀਅਰ, ਮੁੱਖ ਲੇਖਾ ਅਫਸਰ, ਮੁੱਖ ਲੇਖਾ–ਪੜਤਾਲਕਾਰ, ਉਪ ਸਕੱਤਰ, ਨਿਗਰਾਨ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ ਹੈ ।

(ਕ) 'ਸੇਵਾ' ਦਾ ਭਾਵ ਪੰਜਾਬ ਰਾਜ ਬਿਜਲੀ ਬੋਰਡ (ਚੌਥੀ ਸ਼੍ਰੇਣੀ) ਸੇਵਾ ਹੈ ।

(ਖ) 'ਮੈਡੀਕਲ ਅਥਾਰਟੀ' ਦਾ ਭਾਵ ਮੈਡੀਕਲ ਅਫ਼ਸਰ ਜੋ ਸਹਾਇਕ ਸਰਜਨ ਸ਼੍ਰੇਣੀ II ਦੇ ਅਹੁਦੇ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੁਆਰਾ ਸਮੇਂ ਸਿਰ ਨਿਯੁਕਤ ਕੀਤਾ ਜਾਣ ਵਾਲਾ ਅਜਿਹਾ ਅਧਿਕਾਰੀ ਹੈ ।

## <u>ਸੇਵਾ ਦਾ ਕਾਡਰ ਅਤੇ ਇਸ ਵਿਚਲੀਆਂ ਅਸਾਮੀਆਂ ਦੀ ਕਿਸਮ</u>

3. (1) ਸੇਵਾ ਵਿਚ ਨਿਮਨ ਲਿਖਤ ਦੋ ਕਾਡਰ ਸ਼ਾਮਲ ਹੋਣਗੇ :–

(i) ਹੈਡੱ ਆਫ਼ਿਸ ਕਾਡਰ ਵਿਚ ਹੈਡੱ ਕਵਾਟਰਾਂ ਦੇ ਦਫਤਰਾਂ ਦੀਆਂ ਸੇਵਾਵਾਂ ਸ਼ਾਮਲ ਹੋਣਗੀਆਂ ।

(ii) ਸਾਂਝੇ ਸਰਕਲ ਕਾਡਰ ਵਿਚ ਫੀਲਡ ਦਫ਼ਤਰਾਂ ਦੀਆਂ ਸੇਵਾਵਾਂ ਸ਼ਾਮਲ ਹੋਣਗੀਆਂ ।

(2) ਜਦ ਤਕ ਬੋਰਡ ਆਪਣੇ ਅਧਿਨਿਯਮ ਨਹੀਂ ਬਣਾ ਲੈਂਦਾ, ਇਨ੍ਹਾਂ ਦੋਹਾਂ ਕਾਡਰਾਂ ਵਿਚ ਉਹ ਅਸਾਮੀਆਂ ਸ਼ਾਮਲ ਹੋਣਗੀਆਂ ਜਿਹੜੀਆਂ ਪੰਜਾਬ ਸਿਵਲ ਸੇਵਾ ਨਿਯਮਾਵਲੀ ਜਿਲਦ 1 ਭਾਗ 1 ਦੇ ਨਿਯਮ 1.2 ਦੇ ਅਰਥਾਂ ਵਿਚ ਚੌਥੇ ਦਰਜੇ ਦੀਆਂ ਅਸਾਮੀਆਂ ਨਿਸ਼ਚਤ ਕੀਤੀਆਂ ਗਈਆਂ ਹਨ ਅਤੇ ਜਦੋਂ ਬੋਰਡ ਆਪਣੇ ਅਧਿਨਿਯਮ ਬਣਾ ਲਵੇਗਾ ਤਾਂ ਇਸ ਨਾਲ ਸਬੰਧਤ ਉਹ ਅਧਿਨਿਯਮ ਜਾਂ ਜਿਵੇਂ ਸਮੇਂ ਸਮੇਂ ਤੇ ਬੋਰਡ ਘੋਸ਼ਿਤ ਕਰੇਗਾ ਲਾਗੂ ਹੋਣਗੇ ਪਰ ਸ਼ਰਤ ਇਹ ਹੈ ਕਿ ਬੋਰਡ ਪਾਸ ਪੂਰੇ ਅਖਤਿਆਰ ਹਨ ਕਿ ਉਹ ਕਾਡਰ ਦੀਆਂ ਅਸਾਮੀਆਂ ਦੀ ਗਿਣਤੀ ਜਿਵੇਂ ਕਿ ਉਹ ਜ਼ਰੂਰੀ ਸਮਝੇ ਸਮੇਂ ਸਮੇਂ ਤੇ ਆਰਜੀ ਜਾਂ ਪੱਕੇ ਤੌਰ ਤੇ ਵਧਾ ਜਾਂ ਘਟਾ ਸਕਦਾ ਹੈ ।

Secretary
P.S.E.B. Patiala

## ਸੇਵਾ ਦੀ ਬਣਤਰ

4. ਸੇਵਾ ਵਿਚ ਨਿਮਨ ਵਿਅਕਤੀ ਸ਼ਾਮਲ ਹੋਣਗੇ :– ਜਿਵੇਂ

(ੳ) ਉਹ ਵਿਅਕਤੀ ਜੋ ਇਨ੍ਹਾਂ ਵਿਨਿਯਮਾਂ ਦੇ ਲਾਗੂ ਹੋਣ ਸਮੇਂ ਚੌਥੀ ਸ੍ਰੇਣੀ ਸੇਵਾ ਦੇ ਮੈਂਬਰ ਹਨ/ਸਨ ।

(ਅ) ਇਨਾਂ ਵਿਨਿਯਮਾਂ ਦੇ ਮੁਤਾਬਕ, ਸੇਵਾ ਵਿਚ ਨਿਯੁਕਤ ਕੀਤੇ ਗਏ ਵਿਅਕਤੀ ।

## ਕੌਮੀਅਤ ਅਤੇ ਅਧਿਵਾਸ

5. (1) ਕੋਈ ਵੀ ਵਿਅਕਤੀ ਉਦੋਂ ਸੇਵਾ ਵਿਚ ਲਿਆ ਜਾਵੇਗਾ ਜਦੋਂ ਉਹ :

(ੳ) ਭਾਰਤ ਦਾ ਸ਼ਹਿਰੀ ਜਾਂ

(ਅ) ਨੇਪਾਲ ਦਾ ਸ਼ਹਿਰੀ ਜਾਂ

(ੲ) ਭੂਟਾਨ ਦਾ ਸ਼ਹਿਰੀ ਹੋਵੇ ਜਾਂ

(ਸ) ਤਿਬਤੀਅਨ ਰਿਫਊਜੀ ਜੋ 1 ਜਨਵਰੀ 1962 ਤੋਂ ਪਹਿਲਾਂ ਭਾਰਤ ਵਿਚ ਪੱਕੇ ਤੋਰ ਤੇ ਰਹਿਣ ਦੇ ਇਰਾਦੇ ਨਾਲ ਆਇਆ ਹੋਵੇ, ਜਾਂ

(ਹ) ਭਾਰਤੀ ਮੂਲ ਦਾ ਸ਼ਹਿਰੀ ਜੋ ਪਾਕਿਸਤਾਨ, ਬਰਮਾ, ਸ੍ਰੀ ਲੰਕਾ ਅਤੇ ਕੀਨੀਆ, ਪੂਰਵ ਅਫ਼ਰੀਕਨ ਦੇਸ਼ ਯੁਗਾਂਡਾ, ਯੂਨਾਈਟਿਡ ਰਿਪਬਲਿਕ ਆਫ ਤਨਜ਼ਾਨੀਆਂ (ਪਹਿਲੇ ਤਨਜਾਨੀਕਾ ਅਤੇ ਜੰਜੀਬਾਰ) ਜਾਂਬੀਆ, ਮਾਲਵੀ, ਜਾਈਰਾ, ਏਥੋਪੀਆ ਅਤੇ ਵੀਅਤਨਾਮ ਵਿਚ ਰਹਿੰਦਾ ਹੋਵੇ ਜਿਹਨਾਂ ਦਾ ਪੱਕੇ ਤੌਰ ਤੇ ਭਾਰਤ ਵਿਚ ਰਹਿਣ ਦਾ ਇਰਾਦਾ ਹੋਵੇ ।

ਪਰ ਸ਼ਰਤ ਇਹ ਹੈ ਕਿ ਉਮੀਦਵਾਰ ਜੋ ਸ੍ਰੇਣੀ ਅ,ੲ,ਸ,ਹ ਨਾਲ ਸੰਬਧਤ ਹੈ ਉਹ ਵਿਆਕਤੀ ਹੋਵੇ ਜਿਹਨਾਂ ਦੇ ਹੱਕ ਵਿਚ ਭਾਰਤ ਸਰਕਾਰ ਨੇ ਯੋਗਤਾ ਸਰਟੀਫਿਕੇਟ ਜਾਰੀ ਕੀਤਾ ਹੋਵੇ ।

ਉਹ ਉਮੀਦਵਾਰ ਜਿਸ ਲਈ ਯੋਗਤਾ ਸਰਟੀਫਿਕੇਟ ਜਰੂਰੀ ਹੈ, ਬੋਰਡ ਦੁਆਰਾ ਜਾਂ ਹੋਰ ਭਰਤੀ

Secretary
P.S.E.B, Patiala

ਅਥਾਰਟੀ ਰਾਹੀਂ ਲਈ ਜਾ ਰਹੀ ਪ੍ਰੀਖਿਆ ਜਾਂ ਇੰਟਰਵਿਊ ਵਿਚ ਦਾਖਲ ਹੋ ਸਕਦਾ ਹੈ ਪਰੰਤੂ ਉਸਨੂੰ ਨਿਯੁਕਤੀ ਪੱਤਰ ਉਦੋਂ ਹੀ ਜਾਰੀ ਕੀਤਾ ਜਾਵੇਗਾ ਜਦੋਂ ਉਸਨੂੰ ਭਾਰਤ ਸਰਕਾਰ ਦੁਆਰਾ ਯੋਗਤਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ।

## ਨਿਯੁਕਤੀ ਦਾ ਢੰਗ

6. ਸੇਵਾ ਵਿਚ ਭਰਤੀ ਨਿਮਨ ਢੰਗਾਂ ਵਿਚੋਂ ਕਿਸੇ ਇਕ ਨਾਲ, ਜਿਵੇਂ ਕਿ ਨਿਯੁਕਤੀ ਅਧਿਕਾਰੀ ਹਰੇਕ ਕੇਸ ਵਿਚ ਨਿਸ਼ਚਤ ਕਰੇ, ਕੀਤੀ ਜਾਵੇਗੀ ।

(ੳ)(1) ਉਨਾਂ ਅਸਾਮੀਆਂ ਦੇ ਸਬੰਧ ਵਿਚ ਜ੍ਹਿਨਾਂ ਦੇ ਗਰੇਡ
750-20-950-25-1200-30-1350
810-20-950-25-1200-30-1440
830-20-950-25-1200-30-1560

(i) ਸਿੱਧੀ ਨਿਯੁਕਤੀ ਰਾਹੀਂ ਜਾਂ

(ii) ਬਦਲੀ ਦੁਆਰਾ ਜਾਂ ਪਹਿਲਾਂ ਹੀ ਸਰਕਾਰ ਦੀ ਸੇਵਾ ਵਿਚ ਲੱਗੇ ਡੈਪੂਟੇਸ਼ਨ ਤੇ ਆਏ ਜਾਂ ਕਿਸੇ ਹੋਰ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਅਦਾਰੇ ਵਿਚ ਲੱਗੇ ਕਿਸੇ ਕਰਮਚਾਰੀ ਨੂੰ ਨਿਯੁਕਤ ਕਰਨ ਦੁਆਰਾ ।

(ਅ) ਸੇਵਾ ਵਿਚ ਹੋਰ ਨੌਕਰੀਆਂ ਦੀ ਸੂਰਤ ਵਿਚ ਜਿਨਾਂ ਦੇ ਉਚੇਰੇ ਗਰੇਡ ਹਨ ।

(i) ਸਿੱਧੀ ਨਿਯੁਕਤੀ ਰਾਹੀਂ ਜਾਂ

(ii) ਅਗਲੇ ਹੇਠਲੇ ਗਰੇਡਾਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਤਰੱਕੀ ਰਾਹੀਂ ਜਾਂ

(iii) ਬਦਲੀ ਦੁਆਰਾ ਜਾ ਪਹਿਲਾ ਹੀ ਸਰਕਾਰ ਦੀ ਸੇਵਾ ਵਿਚ ਲੱਗੇ ਡੈਪੂਟੇਸ਼ਨ ਤੇ ਆਏ ਜਾਂ ਕਿਸੇ ਹੋਰ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਅਦਾਰੇ ਵਿਚ ਲੱਗੇ ਕਿਸੇ ਕਰਮਚਾਰੀ ਨੂੰ ਨਿਯੁਕਤ ਕਰਨ ਦੁਆਰਾ ।

Secretary
P.S.E.B. Patiala

ਪਰ ਸ਼ਰਤ ਇਹ ਹੈ ਕਿ ਤਰੱਕੀ ਦੇ ਕੇ ਕੀਤੀ ਨਿਯੁਕਤੀ ਦੀ ਸੂਰਤ ਵਿਚ ਨਿਯੁਕਤੀ ਅਧਿਕਾਰੀ ਨੂੰ ਕਰਮਚਾਰੀ ਦੀ ਉਨ੍ਹਾਂ ਫ਼ਰਜਾਂ ਨੂੰ ਨਿਭਾਉਣ ਦੀ ਪਾਤਰਤਾ ਵੇਖ ਲੈਣੀ ਚਾਹੀਦੀ ਹੈ ਜਿਨ੍ਹਾਂ ਲਈ ਉਹ ਚੁਣਿਆ ਗਿਆ ਹੈ ।

## ਅਧਿਕਾਰੀ ਜਿਨ੍ਹਾਂ ਨੂੰ ਨਿਯੁਕਤੀਆਂ ਕਰਨ ਦੇ ਅਖਤਿਆਰ ਦਿਤੇ ਗਏ ਹਨ

7. ਸੇਵਾ ਵਿਚ ਅਸਾਮੀਆਂ ਲਈ ਸਾਰੀਆਂ ਨਿਯੁਕਤੀਆਂ ਸਕੱਤਰ, ਮੁੱਖ ਇੰਜੀਨੀਅਰ, ਮੁੱਖ ਲੇਖਾ ਅਫਸਰ, ਮੁੱਖ ਲੇਖਾ–ਪੜਤਾਲਕਾਰ, ਉਪ ਸਕੱਤਰ, ਨਿਗਰਾਨ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਦੁਆਰਾ ਕੀਤੀਆਂ ਜਾਣਗੀਆਂ ।

## ਸਿੱਧੀ ਨਿਯੁਕਤੀ ਲਈ ਉਮਰ ਅਤੇ ਹੋਰ ਯੋਗਤਾਵਾਂ

8. ਕਿਸੇ ਵਿਅਕਤੀ ਨੂੰ ਸੇਵਾ ਵਿਚ ਸਿੱਧਾ ਨਿਯੁਕਤ ਨਹੀਂ ਕੀਤਾ ਜਾਵੇਗਾ,

(ੳ) ਜੇਕਰ ਉਹ ਨਿਯੁਕਤੀ ਦੀ ਮਿਤੀ ਨੂੰ 16 ਸਾਲ ਤੋਂ ਘੱਟ ਤੇ 35 ਸਾਲ ਤੋਂ ਵੱਧ ਹੋਵੇ,

(ਅ) ਜੇਕਰ ਉਸਨੇ ਮੈਡੀਕਲ ਅਥਾਰਟੀ ਤੋਂ ਦਿਮਾਗੀ ਅਤੇ ਸਰੀਰਕ ਦਰੁਸਤੀ (ਫਿਟਨੈਸੱ)ਪੱਤਰ ਨਾ ਲਿਆ ਹੋਵੇ ਅਤੇ ਮੈਡੀਕਲ ਅਥਾਰਟੀ ਉਸਨੂੰ ਸਭ ਪਾਸਿਓਂ ਦਰੁਸਤ ਨਾ ਸਮਝੇ ।

ਨੋਟ :– ਮੈਡੀਕਲ ਅਥਾਰਟੀ ਨੂੰ ਫੀਸ ਉਮੀਦਵਾਰ ਦੇਵੇਗਾ ।

(ੲ) ਜਦ ਤਕ ਉਹ ਦੋ ਜਿੰਮੇਵਾਰ ਵਿਅਕਤੀਆਂ ਤੋਂ ਚਾਲ ਚਲਨ ਸਰਟੀਫਿਕੇਟ ਪੇਸ਼ ਨਹੀ ਕਰਦਾ ਜੋ ਉਸ ਦੇ ਰਿਸ਼ਤੇਦਾਰ ਨਾ ਹੋਣ ਅਤੇ ਜੋ ਉਸਨੂੰ ਨਿੱਜੀ ਜਿੰਦਗੀ ਵਿਚ ਜਾਣਦੇ ਹੋਣ/ਸਨ ।

(ਸ) ਜਦ ਤਕ ਬੋਰਡ ਨੂੰ ਉਸ ਦੇ ਚਾਲ ਚਲਣ ਅਤੇ ਪੂਰਵ–ਵਿਵਹਾਰ ਤੋਂ ਇਸ ਗਲ ਦੀ ਤਸੱਲੀ ਨਹੀ ਹੋ ਜਾਂਦੀ ਕਿ ਉਹ ਸੇਵਾ ਵਿਚ ਨਿਯੁਕਤੀ ਲਈ ਯੋਗ ਹੈ ।

(ਹ) ਜਿਸ ਦੀ ਇਕ ਤੋਂ ਵੱਧ ਜਿਉਂਦੀ ਪਤਨੀ ਨਾ ਹੋਵੇ ਜਾਂ ਇਸਤਰੀ ਦੀ ਸੂਰਤ ਵਿਚ ਕਿ ਉਹ ਅਜਿਹੇ ਵਿਅਕਤੀ ਨਾਲ ਨਾ ਵਿਆਹੀ ਹੋਵੇ ਜਿਸ ਪਾਸ ਪਹਿਲੇ ਹੀ ਜਿਉਂਦੀ ਪਤਨੀ ਮੌਜੂਦ ਹੋਵੇ ।

Secretary
P.S.E.B, Patiala

ਪਰ ਸ਼ਰਤ ਇਹ ਹੈ ਕਿ ਜੇ ਬੋਰਡ ਇਸ ਗੱਲ ਤੋਂ ਸੰਤੁਸ਼ਟ ਹੋਵੇ ਕਿ ਇਹੋ ਜਿਹਾ ਕਰਨ ਦੇ ਖਾਸ ਕਾਰਨ ਹਨ ਤਾਂ ਕਿਸੇ ਵਿਆਕਤੀ ਉਤੇ ਇਸ ਸ਼ਰਤ ਦੇ ਲਾਗੂ ਹੋਣ ਤੋਂ ਛੋਟ ਦੇ ਸਕਦਾ ਹੈ ।

(ਕ) ਉਹ ਸਰਕਾਰ/ਬੋਰਡ/ਸਰਕਾਰੀ ਅਦਾਰੇ ਦਾ ਕੋਈ ਬਰਖਾਸਤ ਕੀਤਾ ਹੋਇਆ ਕਰਮਚਾਰੀ ਜਾਂ ਅਜਿਹਾ ਵਿਅਕਤੀ ਨਾ ਹੋਵੇ, ਜਿਸ ਨੂੰ ਇਖਲਾਕੀ ਗਿਰਾਵਟ ਦੇ ਜੁਰਮ ਕਾਰਨ ਸਜ਼ਾ ਹੋ ਚੁਕੀ ਹੋਵੇ ।

(ਖ) ਬੇਸ਼ਕ ਸਿੱਧੀ ਨਿਯੁਕਤੀ ਨਾਲ ਅਸਾਮੀਆਂ ਭਰਨ ਲਈ ਕੋਈ ਖਾਸ ਯੋਗਤਾਵਾਂ ਨਹੀ ਰੱਖੀਆਂ ਗਈਆਂ ਪਰ ਫ਼ਿਰ ਵੀ ਪੜ੍ਹੇ ਲਿਖੇ ਲੋਕਾਂ ਨੂੰ ਪਹਿਲ ਦਿੱਤੀ ਜਾਵੇਗੀ ਜਿਨ੍ਹਾਂ ਨੂੰ ਅੰਗਰੇਜ਼ੀ/ਪੰਜਾਬੀ/ਹਿੰਦੀ ਭਾਸ਼ਾਵਾਂ ਦੀ ਜਾਣਕਾਰੀ ਹੋਵੇ।

ਪਰ ਸ਼ਰਤ ਇਹ ਹੈ ਕਿ ਜੇ ਨਿਯੁਕਤੀ ਅਧਿਕਾਰੀ ਦੀ ਇਹ ਰਾਏ ਹੋਵੇ ਕਿ ਉਮੀਦਵਾਰ ਆਪਣੇ ਫਰਜ਼ਾਂ ਨੂੰ ਠੀਕ ਨਿਭਾਉਣ ਦੀ ਯੋਗਤਾ ਰੱਖਦਾ ਹੈ ਤਾਂ ਉਹ ਇਸ ਵਿਨਿਯਮ ਅਧੀਨ ਨਿਸ਼ਚਤ ਕਿਸੇ ਯੋਗਤਾ ਨੂੰ ਨਰਮ ਕਰ ਸਕਦਾ ਹੈ ।

## ਤਰੱਕੀ ਰਾਹੀਂ ਨਿਯੁਕਤੀ ਲਈ ਯੋਗਤਾਵਾਂ

9. (1) ਸੇਵਾਦਾਰਾਂ ਦੀ ਤਰੱਕੀ ਜਮਾਂਦਾਰ/ਰੀਕਾਰਡ ਚੁੱਕਣ ਵਾਲਾ ਅਤੇ ਦਫਤਰੀ ਵਜੋਂ ਸੀਨੀਅਰਤਾ ਕਮ–ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ । ਉਹ ਅਗੋਂ ਰੈਸਟੋਰਰ ਦੀ ਤਰੱਕੀ ਦੇ ਪਾਤਰ ਹੋਣਗੇ ਬਸ਼ਰਤੇ ਕਿ ਉਹ ਉਸ ਅਸਾਮੀ ਲਈ ਪੰਜਾਬ ਰਾਜ ਬਿਜਲੀ ਬੋਰਡ ਤੀਜੀ ਸ਼੍ਰੇਣੀ ਦੇ ਕਰਮਚਾਰੀਆਂ ਦੇ ਵਿਨਿਯਮਾਂ ਵਿਚ ਦੱਸੀਆਂ ਯੋਗਤਾਵਾਂ ਰਖਦੇ ਹੋਣ (ਵੱਖਰੀ ਤੌਰ ਤੇ ਤਿਆਰੀ ਹੇਠ) ।

(2) ਵੱਖਰੇ ਗਰੇਡਾਂ ਦੀਆਂ ਨੌਕਰੀਆਂ ਦੇ ਧਾਰਨੀ ਕਰਮਚਾਰੀ ਉਨਾਂ ਦੇ ਮੁਨਾਸਬ ਨੌਕਰੀਆਂ ਤੇ ਜਿਹੜੀਆਂ ਕਿ ਉਚੇਰੇ ਗਰੇਡ ਵਿਚ ਹਨ, ਤਰੱਕੀ ਪਾਉਣ ਲਈ ਯੋਗ ਹੋਣਗੇ । ਅਗੇ ਹੋਰ ਉਹਨਾਂ ਨੂੰ ਆਪਣੀ ਲਾਈਨ ਵਿਚ ਤੀਜੀ ਸ਼੍ਰੇਣੀ ਦੀ ਸੇਵਾ ਵਿਚ ਤਰੱਕੀ ਦਿੱਤੀ ਜਾਵੇਗੀ, ਬਸ਼ਰਤੇ ਕਿ ਉਹ ਉਸ ਵਿਸ਼ੇਸ਼ ਨੌਕਰੀ ਲਈ ਯੋਗ ਅਤੇ ਢੁਕਵੇਂ ਹੋਣਗੇ ।

Secretary
P.S.E.B, Patiala

## ਸਿੱਧੀ ਨਿਯੁਕਤੀ ਰਾਹੀਂ ਭਰਤੀ ਸਬੰਧੀ ਕਾਰਜ ਵਿਧੀ

10. (1) ਸਿੱਧੀ ਨਿਯੁਕਤੀ ਰਾਹੀਂ ਅਸਾਮੀਆਂ ਭਰਨ ਲਈ ਨਿਯੁਕਤੀ ਅਧਿਕਾਰੀ ਉਨ੍ਹਾਂ ਦੀ ਅਧਿਸੂਚਨਾ ਰੋਜ਼ਗਾਰ ਵਿਭਾਗ ਨੂੰ ਭੇਜੇਗਾ ਅਤੇ/ਜਾਂ ਸਿੱਧੇ ਤੌਰ ਤੇ ਬਿਨੈ-ਪੱਤਰ ਮੰਗੇਗਾ ।

(2) ਨਿਯੁਕਤੀ ਅਧਿਕਾਰੀ ਸੇਵਾ ਲਈ ਸਾਰੀਆਂ ਸਿੱਧੀਆਂ ਨਿਯੁਕਤੀਆਂ, ਉਮੀਦਵਾਰਾਂ ਦੀ ਇੰਟਰਵਿਊ ਲੈਣ ਪਿਛੋਂ ਕਰਨਗੇ ।

(3) 25% ਅਤੇ 5% ਅਸਾਮੀਆਂ ਕਰਮਵਾਰ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਹਨ । ਜੇਕਰ ਉਚਿਤ ਉਮੀਦਵਾਰ ਨਾ ਮਿਲੇ ਤਾਂ ਵਿਚਾਰ ਅਧੀਨ ਅਸਾਮੀਆਂ ਨੂੰ ਅਗੇ ਲਿਜਾਇਆ ਜਾਵੇਗਾ ।

ਅੱਗੇ ਲਿਜਾਉਣ ਵਾਲੇ ਨਿਯਮ ਦੇ ਮੁੱਕਣ ਮਗਰੋਂ ਅਤੇ ਉਦੋਂ ਤਕ ਉਚਿਤ ਅਨੁਸੂਚਿਤ ਜਾਤੀ ਦਾ ਉਮੀਦਵਾਰ ਨਾ ਮਿਲਣ ਤੇ ਇਸ ਕੈਟਾਗਰੀ ਲਈ ਰਾਖਵੀਂ ਖਾਲੀ ਅਸਾਮੀ ਨੂੰ ਆਮ ਭਰਤੀ ਲਈ ਖੁੱਲ੍ਹੀ ਛੱਡਣ ਤੋਂ ਪਹਿਲਾਂ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਇਸ ਦੀ ਪੇਸ਼ਕਸ਼ ਸਭ ਤੋਂ ਪਹਿਲਾਂ ਕੀਤੀ ਜਾਵੇਗੀ । ਜੇਕਰ ਪਛੜੀ ਸ਼੍ਰੇਣੀ ਦਾਂ ਉਮੀਦਵਾਰ ਅਜਿਹੀ ਖਾਲੀ ਅਸਾਮੀ ਦਾ ਲਾਭ ਲੈ ਲੈਂਦਾਂ ਹੈ ਤਾਂ ਉਸਦੇ ਬਦਲੇ ਵਿਚ ਬਾਅਦ ਵਿਚ ਰੋਸਟਰ ਵਿਚ ਪਛੜੀ ਸ਼੍ਰੇਣੀ ਉਮੀਦਵਾਰ ਲਈ ਉਚਿਤ ਤੌਰਤੇ ਰਾਖਵੀਂ ਅਸਾਮੀ ਅਨੁਸੂਚਿਤ ਜਾਤੀ ਉਮੀਦਵਾਰ ਨੂੰ ਜਾਵੇਗੀ ।

ਪਰੰਤੂ ਸੇਵਾਵਾਂ ਵਿਚ ਰਾਖਵਾਂਕਰਨ ਇਸ ਸ਼ਰਤ ਅਧੀਨ ਜਾਰੀ ਰਹੇਗਾ ਕਿ ਕਿਸੇ ਅਸਾਮੀ ਲਈ ਨਿਰਧਾਰਤ ਕੀਤੀਆਂ ਘੱਟੋ-ਘੱਟ ਯੋਗਤਾਵਾਂ ਨੂੰ ਕਿਸੇ ਉਮੀਦਵਾਰ ਨੂੰ ਥਾਂ ਦੇਣ ਲਈ (to accomodate) ਘਟਾਇਆ ਨਹੀਂ ਜਾਵੇਗਾ । 100 ਖਾਲੀ ਅਸਾਮੀਆਂ ਦੇ ਸਮੂਹ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵੀਆਂ ਕੀਤੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਹੇਠ ਦਿਤੇ ਗਏ ਨੰਬਰਾਂ ਵਾਲੀਆਂ ਹੋਣਗੀਆਂ :-

1,5,9,13,17,21,25,29,33,37,41,45,49,53,57,61,65,69,73,77,81, 85,89,93 ਅਤੇ 97 ਅਤੇ ਇਸੇ ਤਰ੍ਹਾਂ ਅਗੇ ਕ੍ਰਮ ਨੰ: 15,35,55,75, ਅਤੇ 95 ਤੇ ਖਾਲੀ ਅਸਾਮੀਆਂ ਨੂੰ ਪਛੜੀ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵੀਆਂ ਵਜੋਂ ਸਮਝਿਆ ਜਾਵੇਗਾ ।

Secretary
P.S.E.B. Patiala

ਪਹਿਲਾਂ ਹੀ ਮੌਜੂਦਾ ਰੋਸਟਰ ਨੂੰ ਤਿਆਗਿਆ ਨਹੀ ਜਾਵੇਗਾ ਸਗੋਂ ਇਸ ਨੂੰ ਉਕਤ ਦਸੇ ਗਏ ਰਾਖਵੇਂਕਰਨ ਦੇ ਨਵੇਂ ਪੈਟਰਨ ਅਨੁਸਾਰ ਮੌਜੂਦਾ ਰੋਸਟਰ ਵਿਚ ਭਰੀ ਗਈ ਅੰਤਮ ਅਸਾਮੀ ਦੀ ਲਗਾਤਾਰਤਾ ਵਿਚ ਤਿਆਰ ਕੀਤਾ ਜਾਵੇਗਾ ।

ਇਹ ਆਦੇਸ 6 ਮਾਰਚ 1974 ਤੋਂ ਲਾਗੂ ਹਨ ।

## ਤਰੱਕੀ ਰਾਹੀਂ ਨਿਯੁਕਤੀ

11. (1) ਤਰੱਕੀ ਰਾਹੀਂ ਨਿਯੁਕਤੀ ਹਰ ਪੱਖੋਂ ਸੀਨੀਅਰਤਾ–ਕਮ–ਮੈਰਿਟ ਦੇ ਅਧਾਰ ਤੇ ਕੀਤੀ ਜਾਵੇਗੀ ਅਤੇ ਕਰਮਚਾਰੀ ਨੇ ਉਸ ਅਹੁਦੇ ਤੇ ਘੱਟੋ ਘੱਟ ਇਕ ਸਾਲ ਦੀ ਸੇਵਾ ਕਰ ਲਈ ਹੋਵੇ ਜਿਸ ਤੇ ਉਹ ਅਗਲੀ ਉਚੇਰੀ ਅਸਾਮੀ ਤੇ ਤਰੱਕੀ ਲਈ ਵਿਚਾਰੇ ਜਾਣ ਤੋਂ ਪਹਿਲਾਂ ਕੰਮ ਕਰ ਰਿਹਾ ਹੈ ।

(2) ਨਿਯੁਕਤੀ ਅਧਿਕਾਰੀ ਇਹ ਯਕੀਨੀ ਬਣਾਏਗਾ ਕਿ ਸੀਨੀਅਰ ਕਰਮਚਾਰੀ ਨੂੰ ਛੱਡ ਕੇ ਜੂਨੀਅਰ ਕਰਮਚਾਰੀ ਨੂੰ ਪਹਿਲ ਦੇਣ ਦੇ ਅਧਾਰ, ਹਮੇਸ਼ਾਂ ਲਿਖਤੀ ਰੂਪ ਵਿਚ ਰਿਕਾਰਡ ਕੀਤੇ ਹੋਣ ।

11.(ੳ)(i) ਸੀਨੀਅਰਤਾ–ਕਮ–ਯੋਗਤਾ ਦੇ ਅਧਾਰ ਤੇ ਚੋਣ (Selection) ਦੁਆਰਾ ਜਾਂ ਬੋਰਡ ਕਰਮਚਾਰੀ ਲਈ ਸੀਮਿਤ ਮੁਕਾਬਲੇ ਦੀਆਂ ਪ੍ਰੀਖਿਆਵਾਂ ਰਾਹੀਂ ਕੀਤੀਆਂ ਜਾਣ ਵਾਲੀਆਂ ਤਰੱਕੀਆਂ ਵਿਚ ਅਨੁਸੂਚਿਤ ਜਾਤੀਆਂ/ਕਬੀਲਿਆਂ ਲਈ 20% ਅਤੇ ਪਛੜੀਆਂ ਸ਼੍ਰੇਣੀਆਂ ਲਈ 2% ਰਾਖਵਾਂਕਰਨ ਹੋਵੇਗਾ । ਪਰੰਤੂ ਤਰੱਕੀ ਲਈ ਵਿਚਾਰੇ ਜਾਣ ਵਾਲੇ ਵਿਅਕਤੀ ਅਸਾਮੀਆਂ ਵਾਸਤੇ ਨਿਰਧਾਰਤ ਕੀਤੀਆਂ ਗਈਆਂ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਦੇ ਹੋਣ ਅਤੇ ਉਹਨਾਂ ਦਾ ਸੇਵਾ ਰਿਕਾਰਡ ਤਸੱਲੀਬਖਸ਼ ਹੋਣਾ ਜਰੂਰੀ ਹੈ ।

(ii) ਇਸ ਮੰਤਵ ਲਈ ਪ੍ਰੋਫਾਰਮਾ ਤਰੱਕੀ ਨੂੰ ਵੀ ਤਰੱਕੀ ਵਜੋਂ ਸਮਝਿਆ ਜਾਵੇਗਾ ।

(iii) ਤਰੱਕੀਆਂ ਵਿਚ ਰਾਖਵਾਂਕਰਨ ਸਿੱਧੀ ਭਰਤੀ ਸਮੇਂ ਪਹਿਲਾਂ ਹੀ ਅਪਨਾਏ ਗਏ ਰਾਖਵੇਂਕਰਨ ਤੋਂ ਇਲਾਵਾ ਹੋਵੇਗਾ ।

(iv) ਰਾਖਵਾਂਕਰਨ ਥੋੜੇ ਸਮੇਂ ਲਈ ਛੁੱਟੀ ਕਾਰਨ ਖਾਲੀ ਅਸਾਮੀਆਂ ਤੇ ਵੀ ਲਾਗੂ ਹੋਵੇਗਾ ਪਰ ਸ਼ਰਤ ਇਹ ਹੈ ਕਿ ਇਸ ਨਾਲ ਕੰਮ ਵਿਚ ਬੇਲੋੜੀ ਖਲਲ, ਟਾਲਵੇਂ ਖਰਚ ਦੇ ਸ਼ਾਮਲ ਹੋਣ ਅਤੇ ਸਾਲ ਦੇ ਅਧ–ਵਿਚਕਾਰ ਬਦਲੀਆਂ ਕਾਰਨ

Secretary
P.S.E.B. Patiala

ਅਸੁਵਿਧਾ ਆਦਿ ਪੈਦਾ ਹੋਣ ਦੀ ਸੰਭਾਵਨਾ ਨਾ ਹੋਵੇ ।

(v) ਨਿਸ਼ਚਤ ਕੀਤੇ ਗਏ ਅਧਾਰ ਤੇ ਅਨੁਸੂਚਿਤ ਜਾਤੀਆਂ/ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਹਿੱਸੇ ਦੀਆਂ ਉਨ੍ਹਾਂ ਲਈ ਪਈਆਂ ਖਾਲੀ ਅਸਾਮੀਆਂ ਨੂੰ ਕਿਸੇ ਵੀ ਹਾਲਤ ਵਿਚ ਅਣ-ਰਾਖਵੀਆਂ ਨਹੀਂ ਸਮਝਿਆ ਜਾਵੇਗਾ ਅਤੇ ਸਮਰਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਇਹਨਾਂ ਨੂੰ ਦੂਜੇ ਕਰਮਚਾਰੀਆਂ ਵਿਚੋਂ ਨਹੀਂ ਭਰਿਆ ਜਾਵੇਗਾ। ਜੇਕਰ ਇਹ ਮਹਿਸੂਸ ਕੀਤਾ ਜਾਵੇ ਕਿ ਇਹਨਾਂ ਅਸਾਮੀਆਂ ਨੂੰ ਦੂਜਿਆਂ ਵਿਚੋਂ ਭਰਿਆ ਜਾਣਾ ਜਰੂਰੀ ਹੈ ਤਾਂ ਪ੍ਰਵਾਨਗੀ ਲਈ ਬਿਨੈ-ਪੱਤਰ ਦੇਣ ਸਮੇ ਸਮਰਥ ਅਧਿਕਾਰੀ ਨੂੰ ਕੀਤੀਆਂ ਗਈਆਂ ਕੋਸ਼ਿਸ਼ਾਂ ਸਹਿਤ ਹਮੇਸ਼ਾ ਉਹ ਹਾਲਤ ਸੂਚਿਤ ਕੀਤੇ ਜਾਣ ਜਿਹਨਾਂ ਅਧੀਨ ਇਹਨਾਂ ਅਸਾਮੀਆਂ ਨੂੰ ਅਨੁਸੂਚਿਤ ਜਾਤੀਆਂ/ਕਬੀਲਿਆਂ ਜਾਂ ਪਛੜੀਆਂ ਸ਼੍ਰੇਣੀਆਂ ਵਿਚੋਂ ਨਹੀ ਭਰਿਆ ਜਾ ਸਕਿਆ ।

(vi) ਖੋਜ ਕਰਨ ਜਾਂ ਖੋਜ ਦੇ ਪ੍ਰਬੰਧ, ਸੰਧਬੰਦੀ ਅਤੇ ਸੰਚਾਲਨ ਲਈ ਤਰੱਕੀ ਦੁਆਰਾ ਭਰੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਦੇ ਕੇਸ ਵਿਚ ਇਹ ਰਾਖਵਾਂਕਰਨ ਲਾਗੂ ਨਹੀਂ ਹੋਵੇਗਾ ।

(vii) 100 ਦੇ ਸਮੂਹ ਵਿਚ ਕ੍ਰਮ ਨੰ: 1, 6, 11, 16, 21, 26, 31, 36, 41, 46, 51, 56, 61, 66, 71, 76, 81, 86, 91 ਅਤੇ 96 ਵਾਲੀਆਂ ਖਾਲੀ ਅਸਾਮੀਆਂ ਜਿਹਨਾਂ ਨੂੰ ਸਮੇਂ ਸਮੇ ਤੇ ਭਰਿਆ ਜਾਵੇਗਾ, ਨੂੰ ਅਨੁਸੂਚਿਤ ਜਾਤੀਆਂ /ਕਬੀਲਿਆਂ ਦੇ ਮੈਂਬਰਾਂ ਲਈ ਰਾਖਵੀਆਂ ਸਮਝਿਆ ਜਾਵੇਗਾ ਅਤੇ ਕ੍ਰਮ ਨੰ: 15 ਅਤੇ 75 ਵਾਲੀਆਂ ਖਾਲੀ ਅਸਾਮੀਆਂ ਨੂੰ ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵੀਆਂ ਸਮਝਿਆ ਜਾਵੇਗਾ । ਇਹ ਰਾਖਵਾਂਕਰਨ ਦੋ ਸ਼੍ਰੇਣੀਆਂ ਵਿਚਕਾਰ ਅੰਤਰ-ਤਬਾਦਲੇ ਯੋਗ ਨਹੀਂ ਹੋਵੇਗਾ ।

(viii) ਜੇਕਰ ਕਿਸੇ ਵਿਸ਼ੇਸ਼ ਕਾਡਰ ਦੀ ਗਿਣਤੀ 5 ਤੋਂ ਘੱਟ ਹੋਵੇ ਅਤੇ ਕਿਸੇ ਵਿਸ਼ੇਸ਼ ਮੌਕੇ ਤੇ ਭਰੀਆਂ ਜਾਣ ਵਾਲੀਆਂ ਕੇਵਲ 2 ਖਾਲੀ ਅਸਾਮੀਆਂ ਹੋਣ ਤਾਂ ਇਕ ਤੋਂ ਵੱਧ ਨੂੰ ਰਾਖਵੀ ਨਹੀਂ ਮੰਨਿਆ ਜਾਵੇਗਾ ਅਤੇ ਜੇਕਰ ਇਕ ਹੀ ਖਾਲੀ ਅਸਾਮੀ ਹੋਵੇ ਤਾਂ ਇਸ ਨੂੰ ਅਣ-ਰਾਖਵੀਂ ਮੰਨਿਆ ਜਾਵੇਗਾ ਜੇਕਰ ਇਸ ਕਾਰਣ ਰਾਖਵੀ ਖਾਲੀ ਅਸਾਮੀ ਨੂੰ ਅਣ-ਰਾਖਵੀਂ ਮੰਨਿਆ ਗਿਆ ਹੋਵੇ ਤਾਂ ਰਾਖਵਾਂਕਰਨ ਨੂੰ ਬਾਅਦ ਦੇ 2 ਸਾਲਾਂ ਲਈ ਅੱਗੇ ਲਿਜਾਇਆ ਜਾਵੇ ।

(ix) ਤਰੱਕੀ ਦੁਆਰਾ ਰਾਖਵੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਹਰ ਇਕ ਕਾਡਰ ਵਾਸਤੇ ਅਨੁਸੂਚਿਤ ਜਾਤੀਆਂ/ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਵੱਖਰੀ ਸੀਨੀਅਰਤਾ ਸੂਚੀ ਤਿਆਰ ਕਰਨੀ ਚਾਹੀਦੀ ਹੈ । ਇਸ ਮੰਤਵ ਲਈ ਅਨੁਸੂਚਿਤ ਜਾਤੀਆਂ/ਕਬੀਲਿਆਂ ਨਾਲ ਸਬੰਧਿਤ

Secretary
P.S.E.B. Patiala

ਸਾਰੇ ਸ਼੍ਰੇਣੀ–4 ਕਰਮਚਾਰੀਆਂ ਨੂੰ ਅੰਤਕਾ–ਓ ਤੇ ਪ੍ਰੋਫਾਰਮੇ ਉਤੇ ਸਰਟੀਫਿਕੇਟ ਪੇਸ਼ ਕਰਨ ਲਈ ਕਿਹਾ ਜਾਵੇ ਜਿਹੜਾ ਮੈਂਬਰ ਲੋਕ ਸਭਾ, ਐਮ. ਐਲ. ਏ. ਜਾਂ ਗਜ਼ਟਡ ਅਫਸਰ, ਜਿਹੜਾ ਕਰਮਚਾਰੀ ਨੂੰ ਨਿਜੀ ਰੂਪ ਵਿਚ ਜਾਣਦਾ ਹੋਵੇ ਅਤੇ ਜਿਸ ਨੂੰ ਉਸਦੀ ਪਛਾਣ ਬਾਰੇ ਤਸੱਲੀ ਹੋਵੇ, ਵਲੋਂ ਉਸਦੀ ਅਦਾਲਤ ਜਾਂ ਉਸਦੇ ਦਫਤਰ ਦੀ ਮੁਹਰ ਸਹਿਤ ਹੋਣਾ ਚਾਹੀਦਾ ਹੈ ।ਇਸ ਤੋਂ ਇਲਾਵਾ ਲੋੜੀਂਦੀ ਸੂਚੀ ਵਿਚ ਕਰਮਚਾਰੀ ਦਾ ਨਾਂ ਦਰਜ ਕਰਨ ਅਤੇ ਇਹਨਾਂ ਸ਼੍ਰੇਣੀਆਂ ਦੇ ਰਖਵੇਂਕਰਨ ਦੇ ਮਤਲਬ ਵਾਸਤੇ ਉਸਦੀ ਸਰਵਿਸ ਬੁੱਕ ਵਿਚ ਇਸ ਸਬੰਧੀ ਇੰਦਰਾਜ ਕਰਨ ਤੋਂ ਪਹਿਲਾਂ ਸਬੰਧਿਤ ਕਰਮਚਾਰੀਆਂ ਤੋਂ ਓਥ–ਕਮਿਸ਼ਨਰ ਦੁਆਰਾ ਉਚਿਤ ਰੂਪ ਵਿਚ ਤਸਦੀਕ ਕੀਤਾ ਹੋਇਆ ਹਲਫੀਆ ਬਿਆਨ ਵੀ ਲੈਣਾ ਚਾਹੀਦਾ ਹੈ ।

(x) ਇਹਨਾਂ ਸ਼੍ਰੇਣੀਆਂ ਨਾਲ ਸਬੰਧਿਤ ਕਰਮਚਾਰੀਆਂ ਬਾਰੇ ਵੱਖਰੇ ਤੌਰ ਤੇ ਨਿਰਣਾ ਲਿਆ ਜਾਵੇਗਾ ਨਾ ਕਿ ਦੂਜੇ ਕਰਮਚਾਰੀਆਂ ਦੇ ਨਾਲ ਅਤੇ ਜੇਕਰ ਉਹ ਤਰੱਕੀ ਦੇ ਯੋਗ ਹੋਣ ਤਾਂ ਦੂਜੇ ਕਰਮਚਾਰੀਆਂ ਦੇ ਮੁਕਾਬਲੇ ਉਹਨਾਂ ਦੀ ਮੈਰਿਟ ਦੇ ਬਾਵਜੂਦ ਉਹਨਾਂ ਨੂੰ ਸੂਚੀ ਵਿਚ ਸ਼ਾਮਲ ਕੀਤਾ ਜਾਵੇਗਾ ।

(xi) ਇਹ ਵੇਖਣ ਲਈ ਕਿ ਕੀ ਖਾਲੀ ਅਸਾਮੀਆਂ ਨੂੰ ਨਿਰਧਾਰਿਤ ਕੀਤੇ ਅਨੁਪਾਤ ਅਨੁਸਾਰ ਭਰਿਆ ਜਾ ਰਿਹਾ ਹੈ, ਸਾਲ ਤੋਂ ਸਾਲ ਚਾਲੂ ਖਾਤੇ ਦੀ ਸ਼ਕਲ ਵਿਚ ਅੰਤਕਾ-ਅ ਤੇ ਦਿਤੇ ਪ੍ਰੋਫਾਰਮੇ ਵਿਚ ਇਕ ਰੋਸਟਰ ਤਿਆਰ ਕੀਤਾ ਜਾਣਾ ਚਾਹੀਦਾ ਹੈ।

(xii) ਅਨੁਸੂਚਿਤ ਜਾਤੀਆਂ/ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਜਿਹੜੇ ਮੈਂਬਰ ਸੇਵਾ ਕਰ ਰਹੇ ਹਨ ਅਤੇ ਹੋਰਵੇਂ ਯੋਗਤਾ–ਪ੍ਰਾਪਤ ਅਤੇ ਉਚਿਤ ਹਨ ਅਤੇ ਜਿਹਨਾਂ ਵਿਰੁਧ ਕੋਈ ਸ਼ਿਕਾਇਤਾਂ ਨਹੀਂ ਹਨ ਉਹਨਾਂ ਦਾ ਪਦ ਉਦੋਂ ਤੱਕ ਨਹੀਂ ਘਟਾਇਆ ਜਾਣਾ ਚਾਹੀਦਾ ਜਦੋਂ ਤੱਕ ਉਹਨਾਂ ਦੀ ਗਿਣਤੀ ਕਾਡਰ ਵਿਚ ਰਾਖਵਾਂਕਰਨ ਦੀ ਨਿਰਧਾਰਤ ਸੀਮਾ ਪਾਰ ਨਹੀਂ ਕਰ ਜਾਂਦੀ । ਪਰੰਤੂ ਪਦ ਘਟਾਉਣ ਵਿਰੁਧ ਇਹ ਸੁਰੱਖਿਆ ਉਦੋਂ ਲਾਗੂ ਨਹੀਂ ਹੋਵੇਗੀ ਜਦੋਂ ਤਰੱਕੀਆਂ ਸੀਮਿਤ ਸਮੇਂ ਲਈ ਰਚੀਆਂ ਗਈਆਂ ਬਿਲਕੁਲ ਆਰਜ਼ੀ ਅਸਾਮੀਆਂ ਅਤੇ ਉਹਨਾਂ ਖਾਲੀ ਅਸਾਮੀਆਂ ਵਿਰੁਧ ਕੀਤੀਆਂ ਜਾਂਦੀਆਂ ਹਨ ਜਦੋਂ ਕੋਈ ਛੁੱਟੀ ਤੇ ਜਾਂ ਡੈਪੂਟੇਸ਼ਨ ਤੇ ਚਲਾ ਜਾਂਦਾ ਹੈ ।

(xiii) ਜੇਕਰ ਅਣ–ਰਾਖਵੀਆਂ ਸ਼੍ਰੇਣੀਆਂ ਨਾਲ ਸਬੰਧਿਤ ਕਿਸੇ ਸੀਨੀਅਰ ਵਿਅਕਤੀ ਦਾ ਅਹੁਦਾ ਅਸਾਮੀਆਂ ਦੀ ਗਿਣਤੀ ਘਟਣ ਕਾਰਨ ਘਟਾ ਦਿਤਾ ਜਾਂਦਾ ਹੈ ਅਤੇ ਬਾਅਦ ਵਿਚ ਉਸਨੂੰ ਦੁਬਾਰਾ ਪਦ–ਉਨੱਤ ਕਰ ਦਿਤਾ ਜਾਂਦਾ ਹੈ ਤਾਂ ਬਾਅਦ ਵਿਚ ਤਰੱਕੀ ਪਾਉਣ ਤੇ ਉਸਦੀ ਮੂਲ ਸੀਨੀਅਰਤਾ ਮੁੜ ਬਹਾਲ ਕਰ ਦਿੱਤੀ ਜਾਵੇਗੀ ।

Secretary
P.S.E.B. Patiala

ਪਰੰਤੂ ਕਾਡਰ ਵਿਚ ਖਾਲੀ ਅਸਾਮੀਆਂ ਦੇ ਦੁਬਾਰਾ ਉਤਪੰਨ ਹੋਣ ਤੇ ਜਿਹੜੇ ਕਰਮਚਾਰੀਆਂ ਦੇ ਪਦ ਘਟਾਏ ਗਏ ਸਨ ਉਹਨਾਂ ਨੂੰ ਪਹਿਲਾਂ ਜਜ਼ਬ ਕੀਤਾ ਜਾਵੇਗਾ ਅਤੇ ਰਾਖਵਾਂਕਰਨ ਉਹਨਾਂ ਨੂੰ ਜਗ੍ਹਾ ਦੇਣ ਤੋਂ ਬਾਅਦ ਲਾਗੂ ਕੀਤਾ ਜਾਵੇਗਾ । ਉਹ ਵੀ ਬਾਅਦ ਵਿਚ ਤਰੱਕੀ ਤੇ ਉਸੇ ਸੀਨੀਅਰਤਾ ਅਰਥਾਤ ਅਨੁਸੂਚਿਤ ਜ਼ਾਤੀਆਂ/ਕਬੀਲਿਆਂ ਅਤੇ ਪਛੜੀਆਂ ਜਾਤੀਆਂ ਵਾਲੇ ਕਰਮਚਾਰੀਆਂ ਵਾਲੀ ਸੀਨੀਅਰਤਾ, ਦੇ ਹੱਕਦਾਰ ਹੋਣਗੇ ਜਿਹੜੀ ਉਹ ਪਦ ਘਟਾਉਣ ਤੋਂ ਪਹਿਲਾਂ ਮਾਣ ਰਹੇ ਸਨ ।

**ਨੋਟ :-** ਉਕਤ ਫੈਸਲਾ 22 ਜੂਨ 1971 ਨੂੰ ਅਤੇ ਉਸ ਤੋਂ ਮਗਰੋਂ ਉਤਪੰਨ ਹੋਣ ਵਾਲੀਆਂ ਖਾਲੀ ਅਸਾਮੀਆਂ ਤੇ ਲਾਗੂ ਹੋਵੇਗਾ ।

Secretary
P.S.E.B, Patiala

ਅੰਤਕਾ –'ਉ'

ਸਰਟੀਫਿਕੇਟ

ਮੈਂ, ਸ/ਸ੍ਰੀ ______________________ ਪੁੱਤਰ ਸ/ਸ੍ਰੀ ______________________
ਵਾਸੀ ____________________________________ ਨੂੰ ਨਿੱਜੀ ਤੌਰ ਤੇ ਜਾਣਦਾ ਹਾਂ।
ਉਹ ______________________ ਜਾਤੀ ਨਾਲ ਸਬੰਧ ਰਖਦਾ ਹੈ ਜਿਸਨੂੰ ਪੰਜਾਬ ਵਿਚ ਅਨੁਸੂਚਿਤ ਜਾਤੀ/ਕਬੀਲੇ/ਪਛੜੀ ਸ਼੍ਰੇਣੀ ਘੋਸ਼ਿਤ ਕੀਤਾ ਗਿਆ ਹੈ ।

ਐਮ. ਪੀ./ਐਮ. ਐਲ. ਏ ਜਾਂ ਗਜ਼ਟਿਡ ਅਫਸਰ
ਦੇ ਹਸਤਾਖਰ (ਉਸਦੀ ਅਦਾਲਤ ਜਾਂ ਦਫਤਰ ਦੀ
ਮੁਹਰ ਸਹਿਤ)

************************************

Secretary
P.S.E.B, Patiala

# ਅੰਤਕਾ–'ਅ'

## ਰੋਸਟਰ ਫਾਰਮ

### ਰੋਸਟਰ ਦੇ ਆਧਾਰ ਤੇ ਰਾਖਵਾਂਕਰਨ ਲਾਗੂ ਕਰਨ ਲਈ ਫਾਰਮ

ਵਿਭਾਗ ਦਾ ਨਾਂ (ਦਫਤਰ) ________________ ਕਾਡਰ ________________

ਸਿੱਧੀ ਭਰਤੀ/ਤਰੱਕੀ ਰਾਹੀਂ ਨਿਯੁਕਤੀ ________________

(ਸਿੱਧੀ ਭਰਤੀ ਅਤੇ ਤਰੱਕੀ ਲਈ ਹਰ ਇਕ ਕਾਡਰ ਵਾਸਤੇ ਵੱਖਰਾ-ਵੱਖਰਾ ਤਿਆਰ ਕੀਤਾ ਜਾਵੇਗਾ)

| ਨਿਯੁਕਤੀ ਦੇ ਵੇਰਵੇ | | | | | | ਅੱਗੇ ਲਿਆਂਦੇ (Carry forward) ਦਾ ਰਾਖਵਾਂਕਰਨ | | | |
|---|---|---|---|---|---|---|---|---|---|
| ਨਿਯੁਕਤੀ ਦਾ ਸਾਲ | ਰੋਸਟਰ ਅਤੇ ਪੁਆਇੰਟ ਨੰਬਰ | ਕੀ ਲਾਗੂ ਮਾਡਲ ਰੋਸਟਰ ਅਨੁਸਾਰ ਰਾਖਵੀਂ ਜਾਂ ਅਣ-ਰਾਖਵੀਂ | ਪਦ-ਉੱਨਤ/ਨਿਯੁਕਤ ਕੀਤੇ ਕਰਮਚਾਰੀ ਦਾ ਨਾਂ | ਨਿਯੁਕਤੀ ਦੀ ਮਿਤੀ | ਅਨੁਸੂਚਿਤ ਜਾਤੀ/ਕਬੀਲੇ/ ਪਛੜੀ ਸ਼੍ਰੇਣੀ ਨਾਲ ਸੰਬੰਧਤ ਹੈ ਜਾਂ ਨਹੀਂ | ਅਨੁਸੂਚਿਤ ਜਾਤੀਆਂ/ਕਬੀਲੇ | ਪਛੜੀ ਜਾਤੀ/ਕਬੀਲੇ | ਨਿਯੁਕਤੀ ਅਧਿਕਾਰੀ ਦੇ ਹਸਤਾਖਰ | ਵਿਸ਼ੇਸ਼ ਕਥਨ |
| 1 | 2 | 3 | 4 | 5 | 6 | 7 | 8 | 9 | 10 |

Secretary
P.S.E.B. Patiala

## ਅਜਮਾਇਸ਼ੀ ਸਮਾਂ

12. (1) (ੳ) ਸੇਵਾ ਵਿਚ ਨਿਯੁਕਤ ਕੀਤੇ ਗਏ ਕਰਮਚਾਰੀ ਜੇ ਉਹ ਸਿੱਧੀ ਨਿਯੁਕਤੀ ਰਾਹੀਂ ਭਰਤੀ ਕੀਤੇ ਗਏ ਹੋਣ ਤਾਂ ਦੋ ਸਾਲ ਲਈ ਅਤੇ ਜੇ ਹੋਰਵੇਂ ਭਰਤੀ ਕੀਤੇ ਗਏ ਹੋਣ ਤਾਂ ਇਕ ਸਾਲ ਦੀ ਅਜਮਾਇਸ਼ ਅਧੀਨ ਹੋਣਗੇ ।

(ਅ) ਕਾਇਮ ਮੁਕਾਮੀ ਸੇਵਾ ਨੂੰ ਅਜਮਾਇਸ਼ ਅਧੀਨ ਗੁਜਾਰੇ ਸਮੇਂ ਦੇ ਤੌਰ ਤੇ ਗਿਣਿਆ ਜਾਵੇਗਾ ਪਰ ਕਿਸੇ ਨਿਯੁਕਤੀ ਤੇ ਕਾਇਮ ਮੁਕਾਮ ਹੈਸੀਅਤ ਵਿਚ ਕੰਮ ਕਰਨ ਵਾਲੇ ਕਿਸੇ ਮੈਂਬਰ ਨੂੰ ਸੇਵਾ ਵਿਚ ਇਕ ਜਾਂ ਦੋ ਸਾਲ, ਜਿਵੇਂ ਕਿ ਸੂਰਤ ਹੋਵੇ, ਪੂਰੇ ਹੋਣ ਤੇ, ਜਦੋਂ ਤਕ ਉਹ ਕਿਸੇ ਪੱਕੀ ਅਸਾਮੀ ਤੇ ਨਾ ਲੱਗਾ ਹੋਵੇ, ਪੱਕਾ ਹੋਣ ਦਾ ਹੱਕ ਨਹੀਂ ਹੋਵੇਗਾ ।

(ੲ) ਬੋਰਡ ਕਿਸੇ ਬਰਾਬਰ ਦੀ ਜਾਂ ਕਿਸੇ ਉਚੇਰੀ ਅਸਾਮੀ ਤੇ ਕੀਤੀ ਸੇਵਾ ਦੇ ਸਮੇਂ ਨੂੰ ਇਸ ਵਿਨਿਯਮ ਅਧੀਨ ਅਜਮਾਇਸ਼ ਦੇ ਨਿਸ਼ਚਿਤ ਸਮੇਂ ਲਈ ਗਿਣੇ ਜਾਣ ਦੀ ਆਗਿਆ ਦੇ ਸਕਦਾ ਹੈ ।

(ਸ) ਸਕੱਤਰ/ਮੁੱਖ ਇੰਜੀਨੀਅਰ ਜਾਂ ਨਿਯੁਕਤੀ ਅਧਿਕਾਰੀ, ਜਿਵੇਂ ਕਿ ਸੂਰਤ ਹੋਵੇ, ਅਜਮਾਇਸ਼ ਦਾ ਸਮਾਂ ਉਤਨਾ ਵਧਾ ਸਕਦਾ ਹੈ ਜਿਤਨਾ ਕਿ ਉਹ ਜਰੂਰੀ ਸਮਝੇ, ਜੇ ਕਿਸੇ ਮੈਂਬਰ ਦਾ ਕੰਮ/ਜਾਂ ਵਿਹਾਰ ਉਸਦੀ ਰਾਏ ਵਿਚ ਨਾ–ਤਸਲੀਬਖਸ਼ ਹੋਵੇ ।

ਪਰ ਸ਼ਰਤ ਇਹ ਹੈ ਕਿ ਅਜਮਾਇਸ਼ ਦਾ ਕੁਲ ਸਮਾਂ ਜਿਸ ਵਿੱਚ ਵਧਾਇਆ ਗਿਆ ਸਮਾਂ, ਜੇ ਕੋਈ ਹੋਵੇ, ਵੀ ਸ਼ਾਮਲ ਕਰਕੇ ਇਹ ਕਿਸੇ ਵੀ ਹਾਲਤ ਵਿਚ ਤਿੰਨ ਸਾਲ ਤੋਂ ਨਾ ਵਧੇ ।

(2) ਅਜਮਾਇਸ਼ ਦਾ ਸਮਾਂ ਪੂਰਾ ਹੋਣ ਤੇ (ਅਸਲੀ ਜਾਂ ਵਧਾਇਆ ਹੋਇਆ, ਜਿਵੇਂ ਕਿ ਸੂਰਤ ਹੋਵੇ) ਸਕੱਤਰ/ਮੁੱਖ ਇੰਜੀਨੀਅਰ, ਕਰਮਚਾਰੀ ਨੂੰ ਉਪਲਬਧ ਪੱਕੀ ਅਸਾਮੀ ਤੇ ਮੁੱਖ ਦਫਤਰ ਸੀਨੀਅਰਤਾ ਸੂਚੀ/ ਉਸ ਸ਼੍ਰੇਣੀ ਨਾਲ ਸਬੰਧਿਤ ਸਾਰੇ ਫੀਲਡ ਦਫਤਰਾਂ ਦੀ ਸੰਯੁਕਤ ਸੀਨੀਅਰਤਾ ਸੂਚੀ ਦੇ ਅਧਾਰ ਤੇ ਪੱਕਾ (ਕਨਫਰਮ) ਕਰ ਸਕਦਾ ਹੈ, ਜਾਂ ਪੱਕਾ ਕਰਨ/ਨਿਯੁਕਤ ਕਰਨ ਵਾਲੇ ਅਧਿਕਾਰੀ ਦੀ ਰਾਏ ਵਿਚ ਜੇ ਉਸ ਦਾ ਕੰਮ ਅਤੇ ਵਿਹਾਰ ਨਾ–ਤਸੱਲੀਬਖਸ਼ ਹੈ ਤਾਂ ਜੇ ਉਹ ਸਿੱਧਾ ਭਰਤੀ ਕੀਤਾ ਗਿਆ ਹੈ, ਉਸ ਸੂਰਤ ਵਿੱਚ ਨਿਯੁਕਤੀ ਅਧਿਕਾਰੀ ਉਸਨੂੰ ਸੇਵਾ ਤੋ ਮੁਕਤ ਕਰ ਸਕਦਾ ਹੈ ਅਤੇ ਜੇ ਉਹ ਹੋਰਵੇਂ ਭਰਤੀ ਕੀਤਾ ਗਿਆ ਹੈ ਤਾਂ ਉਹ ਉਸਨੂੰ ਪਹਿਲੀ ਅਸਾਮੀ ਜਾਂ ਵਿਭਾਗ, ਜਿਵੇਂ ਵੀ ਸੂਰਤ ਹੋਵੇ, ਵਿਚ ਪਦ ਘਟਾ ਕੇ ਭੇਜ ਸਕਦਾ ਹੈ।

Secretary
P.S.E.B. Patiala

## ਅਸਤੀਫਾ

13 ਸੇਵਾ ਦਾ ਕੋਈ ਮੈਂਬਰ, ਕਿਸੇ ਵੀ ਸਮੇਂ, ਅਸਤੀਫਾ ਦੇਣ ਸਬੰਧੀ ਆਪਣੇ ਇਰਾਦੇ ਦਾ ਨੋਟਿਸ ਦੇ ਕੇ ਨਿਯੁਕਤੀ ਤੋਂ ਅਸਤੀਫਾ ਦੇ ਸਕਦਾ ਹੈ । ਆਰਜ਼ੀ ਤੌਰ ਤੇ ਕੰਮ ਕਰ ਰਹੇ ਕਰਮਚਾਰੀਆਂ ਲਈ ਅਜਿਹਾ ਨੋਟਿਸ ਦੇਣ ਦੀ ਮਿਆਦ ਇਕ ਮਹੀਨਾ ਅਤੇ ਪੱਕੇ ਤੌਰ ਤੇ ਕੰਮ ਕਰ ਰਹੇ ਕਰਮਚਾਰੀਆਂ ਲਈ ਇਹ ਮਿਆਦ ਤਿੰਨ ਮਹੀਨੇ ਹੋਵੇਗੀ । ਅਜਿਹਾ ਨੋਟਿਸ ਨਾ ਦੇਣ ਦੀ ਸੂਰਤ ਵਿਚ ਲੋੜੀਦੇ ਨੋਟਿਸ ਦੀ ਮਿਆਦ ਦੀ ਤਨਖਾਹ ਅਤੇ ਭੱਤੇ ਜ਼ਬਤ ਕਰ ਲਏ ਜਾਣਗੇ ।

## ਸੇਵਾ ਦੀ ਸਮਾਪਤੀ

14 ਵਿਨਿਯਮ 3 ਦੇ ਉਪਬੰਧਾਂ ਤੇ ਬੁਰਾ ਪ੍ਰਭਾਵ ਪਾਏ ਬਿਨਾਂ ਕਾਡਰ ਪੁਨਰ–ਗਠਨ ਕਾਰਨ ਜਾਂ ਕਿਸੇ ਹੋਰ ਵਜ੍ਹਾ ਕਰਕੇ ਜੇ ਕਿਸੇ ਸਮੇਂ ਸੇਵਾ ਵਿਚੋਂ ਕੋਈ ਅਸਾਮੀ ਖਤਮ ਕਰ ਦਿਤੀ ਜਾਵੇ ਤਾਂ ਨਿਯੁਕਤੀ ਅਧਿਕਾਰੀ ਕਾਡਰ ਦੇ ਸਭ ਤੋਂ ਜੂਨੀਅਰ ਵਿਅਕਤੀ ਨੂੰ, ਜੇ ਉਹ ਸੇਵਾ ਵਿਚ ਸਿੱਧੀ ਨਿਯੁਕਤੀ ਰਾਹੀਂ ਨਿਯੁਕਤ ਹੋਇਆ ਹੋਵੇ ਅਤੇ ਜੇ ਉਹ ਆਰਜ਼ੀ ਤੌਰ ਤੇ ਕੰਮ ਕਰ ਰਿਹਾ ਹੋਵੇ ਤਾਂ ਉਸਨੂੰ ਇਕ ਮਹਿਨੇ ਦਾ ਨੋਟਿਸ ਦੇ ਕੇ ਅਤੇ ਜੇ ਉਹ ਪੱਕੇ ਤੌਰ ਤੇ ਕੰਮ ਕਰ ਰਿਹਾ ਹੋਵੇ ਤਾਂ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸੇਵਾ ਤੋਂ ਮੁਕਤ ਕਰ ਸਕਦਾ ਹੈ ਅਤੇ ਜੇ ਉਹ ਵਿਅਕਤੀ ਹੋਰਵੇਂ ਨਿਯੁਕਤ ਕੀਤਾ ਗਿਆ ਹੋਵੇ ਤਾਂ ਉਸਨੂੰ ਆਪਣੇ ਪੂਰਵ ਅਹੁਦੇ ਜਾਂ ਵਿਭਾਗ ਵਿਚ ਪਰਤਾ ਸਕਦਾ ਹੈ ।

## ਸੀਨੀਅਰਤਾ

15 ਪਰਸਪਰ ਸੀਨੀਅਰਤਾ ਇਕੋ ਅਸਾਮੀ ਦੇ ਗਰੇਡ ਵਿੱਚ ਕੰਮ ਕਰਦੇ ਮੈਂਬਰਾਂ ਦੀ ਉਹਨਾਂ ਦੀ ਲਗਾਤਾਰ ਨਿਯੁਕਤੀ ਦੀ ਮਿਤੀ ਤੋਂ ਨਿਰਧਾਰਤ ਹੋਵੇਗੀ ।

ਪਰੰਤੂ ਪਹਿਲੀ ਸ਼ਰਤ ਇਹ ਹੈ ਕਿ ਚੋਣ ਦੇ ਸਮੇਂ ਤੇ ਨਿਸ਼ਚਿਤ ਕੀਤੀ ਮੈਰਿਟ ਦੇ ਸਿੱਧੀ ਨਿਯੁਕਤੀ ਦੇ ਆਦੇਸ਼ ਦੁਆਰਾ ਭਰਤੀ ਕੀਤੇ ਗਏ ਮੈਂਬਰ ਦੇ ਕੇਸ ਵਿੱਚ ਸੀਨੀਅਰਤਾ ਛੇੜੀ ਨਹੀਂ ਜਾਵੇਗੀ । ਜਿਥੋਂ ਤੱਕ ਉਸ ਆਸਾਮੀ ਦੀ ਸ਼੍ਰੇਣੀ ਵਿਚ ਜਿਸ ਉਤੇ ਸਿੱਧੀ ਨਿਯੁਕਤੀ ਕੀਤੀ ਗਈ ਸੀ ਦਾ ਸਬੰਧ ਹੈ ਅਤੇ ਪਹਿਲਾਂ ਹੋਈ ਚੋਣ ਦੇ ਫਲਸਰੂਪ ਨਿਯੁਕਤ ਕੀਤਾ ਵਿਅਕਤੀ ਬਾਅਦ ਵਿੱਚ ਹੋਈ ਚੋਣ ਦੇ ਫਲਸਰੂਪ ਨਿਯੁਕਤ ਹੋਏ ਵਿਅਕਤੀ ਨਾਲੋਂ ਸੀਨੀਅਰ ਹੋਵੇਗਾ । ਪਰੰਤੂ ਸਿੱਧੀ ਭਰਤੀ ਦੁਆਰਾ ਨਿਯੁਕਤ ਕੀਤੇ ਗਏ ਸੇਵਾ ਦੇ ਮੈਂਬਰ, ਜਿਸ ਦਾ ਅਜ਼ਮਾਇਸ਼ੀ ਸਮਾਂ ਵਧਾਇਆ ਜਾਂਦਾ ਹੈ, ਚੋਣ ਦੇ ਸਮੇਂ ਤੇ ਮੈਰਿਟ ਸਥਿਤੀ ਦੇ ਅਧਾਰ ਉਤੇ ਸੀਨੀਅਰਤਾ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਉਸ ਦੀ ਸੀਨੀਅਰਤਾ ਇਥੇ ਹੇਠਾਂ ਦਿੱਤੇ ਨੋਟ II ਅਨੁਸਾਰ ਨਿਯੁਕਤੀ ਦੀ ਡੀਮਡ

Secretary
P.S.E.B. Patiala

ਮਿਤੀ (Deemed Date) ਦੇ ਅਧਾਰ ਉਤੇ ਨਿਸ਼ਚਿਤ ਕੀਤੀ ਜਾਵੇਗੀ ।

(ੳ) ਅਜਿਹੀ ਮਿਤੀ ਨੂੰ ਉਹਨਾਂ ਨੂੰ ਦਿਤੀ ਜਾ ਰਹੀ ਤਨਖਾਹ ਅਨੁਸਾਰ ਜ਼ਿਆਦਾ ਤਨਖਾਹ ਵਾਲਾ ਘੱਟ ਤਨਖਾਹ ਪਾਉਣ ਵਾਲੇ ਤੋਂ ਉਪਰ ਜਾਂ ਜੇਕਰ ਨਿਯੁਕਤੀ ਦੀ ਮਿਤੀ ਤੇ ਤਨਖਾਹ ਵੀ ਇਕੋ ਹੋਵੇ, ਉਮਰ ਅਨੁਸਾਰ, ਜਿਆਦਾ ਉਮਰ ਵਾਲਾ, ਘੱਟ ਉਮਾਰ ਵਾਲੇ ਤੋਂ ਉਪਰ ਹੋਵੇਗਾ ।

(ਅ) ਅਜਿਹੇ ਕੇਸ ਵਿਚ ਜਦੋਂ ਸਰਵਿਸ ਦੇ ਮੈਂਬਰ ਪਦ-ਉਨੱਤੀ ਦੁਆਰਾ ਨਿਯੁਕਤ ਹੋਣਗੇ ਤਾਂ ਉਨ੍ਹਾਂ ਦੀ ਸੀਨੀਅਰਤਾ ਹੇਠਲੀ ਅਸਾਮੀ ਦੀ ਸੀਨੀਅਰਤਾ ਅਨੁਸਾਰ ਨਿਰਧਾਰਤ ਹੋਵੇਗੀ ਜਿਥੋਂ ਉਹ ਪਦ ਉਨੱਤ ਹੋਣਗੇ । ਜਦੋਂ ਹੇਠਲੀ ਸ਼੍ਰੇਣੀ ਦਾ ਮੈਂਬਰ ਉਸ ਤੋਂ ਸੀਨੀਅਰ ਮੈਂਬਰ ਤੋਂ ਪਹਿਲਾਂ ਉਸਨੂੰ ਅਢੁਕਵਾਂ ਜਾਂ ਅਯੋਗ ਹੋਣ ਕਾਰਨ ਅੱਗੇ ਲੰਘ ਜਾਂਦਾ ਹੈ ਤਾਂ ਇਸ ਕੇਸ ਵਿਚ ਹੇਠਲੀ ਸ਼੍ਰੇਣੀ ਦਾ ਮੈਂਬਰ ਜੋ ਪਹਿਲਾਂ ਪਦ-ਉਨੱਤ ਹੋਵੇਗਾ ਉਹ ਉਪਰਲੀ ਸ਼੍ਰੇਣੀ ਵਿਚ ਹੇਠਲੀ ਸ਼੍ਰੇਣੀ ਦੇ ਮੈਂਬਰਾਂ ਤੋਂ ਪਹਿਲਾਂ ਥਾਂ ਲਵੇਗਾ ਜਦੋਂ ਵੀ ਪਿਛਲੇਰਾ ਪਦ-ਉਨੱਤ ਹੁੰਦਾ ਹੈ ।

ਪਰੰਤੂ ਤੀਸਰੀ ਸੂਰਤ ਇਹ ਹੈ ਕਿ ਜਦੋਂ ਮੈਂਬਰ ਸਰਵਿਸ ਵਿਚ ਸਿੱਧੀ ਭਰਤੀ ਰਾਹੀਂ ਨਿਯੁਕਤ ਹੁੰਦਾ ਹੈ, ਉਹ ਉਸ ਮੈਂਬਰ ਤੋਂ ਜੋ ਹੇਠਲੀ ਸ਼੍ਰੇਣੀ ਤੋਂ ਪਦ-ਉਨੱਤ ਹੋਵੇਗਾ ਤੇ ਉਸਦੀ ਨਿਯੁਕਤੀ ਸਿੱਧੀ ਭਰਤੀ ਦੇ ਮੈਂਬਰ ਤੋਂ ਬਾਅਦ ਵਿਚ ਹੋਵੇਗੀ ਤੇ ਜਿਸ ਦੀ ਭਰਤੀ ਦੀ ਚੋਣ ਇਕ ਬੈਚ ਵਿਚ ਹੋਵੇਗੀ, ਸੀਨੀਅਰ ਹੋਵੇਗਾ ।

ਚੋਥੀ ਸੂਰਤ ਇਹ ਹੈ ਕਿ ਸਰਵਿਸ ਵਿਚ ਨਿਯੁਕਤੀ ਬਦਲੀ ਰਾਹੀਂ ਹੋਣ ਦੀ ਸੂਰਤ ਵਿਚ ਸੀਨੀਅਰਤਾ ਹਰ ਇਕ ਕੇਸ ਵਿਚ ਮੈਰਿਟ ਦੇ ਅਧਾਰ ਤੇ ਨਿਯੁਕਤੀ ਅਧਿਕਾਰੀ ਦੁਆਰਾ ਨਿਰਧਾਰਤ ਹੋਵੇਗੀ ।

ਪਰੰਤੂ ਪੰਜਵੀਂ ਸੂਰਤ ਇਹ ਹੈ ਕਿ ਜੇਕਰ ਸਰਵਿਸ ਦਾ ਮੈਂਬਰ ਆਰਜ਼ੀ ਤੌਰ ਤੇ ਆਪਣੇ ਤੋਂ ਸੀਨੀਅਰ ਮੈਂਬਰ ਤੋਂ ਪਹਿਲਾਂ ਪਦ-ਉਨੱਤ ਹੋ ਜਾਂਦਾ ਹੈ, ਸੀਨੀਅਰ ਮੈਂਬਰ ਦੀ ਅਨਿਪੁੰਨਤਾ ਜਾਂ ਤਰੱਕੀ ਲਈ ਅਯੋਗ ਹੋਣ ਦੇ ਕਾਰਨ ਤੋਂ ਇਲਾਵਾ, ਉਹਨਾਂ ਦੀ ਸੀਨੀਅਰਤਾ ਉਸ ਅਧਾਰ ਤੇ ਜਿਥੋਂ ਉਹ ਪਦ-ਉਨੱਤ ਹੋਏ ਹਨ, ਪਰਸਪਰ ਹੋਵੇਗੀ ।

ਨੋਟ ਨੰ: 1 ਪੂਰਨ ਪ੍ਰੋਵੀਜ਼ਨਲ ਤੌਰ ਤੇ ਨਿਯੁਕਤ ਕੀਤੇ ਮੈਂਬਰਾਂ ਦੀ ਸੀਨੀਅਰਤਾ ਜਦੋਂ ਉਸਦੀ ਰੈਗੂਲਰ ਨਿਯੁਕਤੀ ਤੇ ਉਸਦੇ ਰੈਗੂਲਰ ਹੋਣ ਦੀ ਮਿਤੀ ਨੂੰ ਧਿਆਨ ਵਿਚ ਰਖ ਕੇ ਨਿਰਧਾਰਤ ਕੀਤੀ ਜਾਵੇਗੀ ।

Secretary
P.S.E.B, Patiala

**ਨੋਟ ਨੰ: 2 :** ਜੇਕਰ ਸੇਵਾ ਦਾ ਕੋਈ ਮੈਂਬਰ ਅਜਮਾਇਸ਼ੀ ਦੇ ਨਿਰਧਾਰਿਤ ਸਮੇਂ ਦੇ ਅੰਦਰ–ਅੰਦਰ ਲਗਾਤਾਰ ਨਿਯੁਕਤੀ ਲਈ ਆਪਣੇ ਆਪ ਨੂੰ ਯੋਗ ਬਣਾਉਣ (Qualify) ਵਿੱਚ ਅਸਫਲ ਹੋ ਜਾਂਦਾ ਹੈ ਤਾਂ ਨਿਯੁਕਤੀ ਅਧਿਕਾਰੀ ਇਹ ਨਿਰਧਾਰਿਤ ਕਰੇਗਾ ਕਿ ਕੀ ਇਸ ਨਿਯਮ ਦੇ ਮੰਤਵ ਲਈ ਉਸ ਦੀ ਨਿਯੁਕਤੀ ਦੀ ਮਿਤੀ ਉਸ ਸਮੇਂ ਤੱਕ ਸਥੱਗਤ ਕੀਤੀ ਜਾਵੇਗੀ ਜਿਹੜਾ ਉਸ ਸਮੇਂ ਤੋਂ ਵੱਧ ਨਹੀਂ ਹੋਵੇਗਾ ਜਿਸ ਤੱਕ ਅਜਿਹੇ ਕਰਮਚਾਰੀ ਦੀ ਲਗਾਤਾਰ ਨਿਯੁਕਤੀ ਨੂੰ ਅਜ਼ਮਾਇਸ਼ੀ ਦੇ ਨਿਰਧਾਰਿਤ ਸਮੇਂ ਤੋਂ ਵੱਧ ਲੇਟ ਕੀਤਾ ਜਾਂਦਾ ਹੈ ।

16 ਸੇਵਾ ਦੇ ਮੈਂਬਰ ਤਨਖਾਹ ਦੇ ਅਜਿਹੇ ਸਕੇਲਾਂ ਦੇ ਹੱਕਦਾਰ ਹੋਣਗੇ ਜਿਹੜੇ ਕਿ ਬੋਰਡ ਸਮੇਂ ਸਮੇਂ ਅਧਿਕਾਰਤ ਕਰੇ । ਨਿਸ਼ਚਤ ਅਸਾਮੀਆਂ ਸਬੰਧੀ ਵਰਤਮਾਨ ਤਨਖਾਹ ਸਕੇਲ ਅੰਤਕਾ 'ਸ' ਵਿਚ ਦਰਜ ਹਨ ।

ਪਰ ਸ਼ਰਤ ਇਹ ਹੈ ਕਿ ਨਿਯੁਕਤੀ ਅਧਿਕਾਰੀ ਬੋਰਡ ਸੇਵਾ ਵਿਚ ਲੱਗਣ ਵਾਲੇ ਕਿਸੇ ਵਿਅਕਤੀ ਨੂੰ ਉਸ ਦੀਆਂ ਅਤਿਰਿਕਤ ਯੋਗਤਾਵਾਂ ਅਤੇ/ਜਾਂ ਤਜਰਬੇ ਦੀ ਕਦਰ ਕਰਦਿਆਂ ਤਨਖਾਹ ਸਕੇਲ ਵਿਚ ਘੱਟ ਤੋਂ ਘੱਟ ਨਾਲੋਂ ਵਧੇਰੇ, ਮੁਢਲੀ ਤਨਖਾਹ ਦੇ ਸਕਦਾ ਹੈ ।

## <u>ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ</u>

17 ਸੇਵਾ ਦੇ ਮੈਂਬਰਾਂ ਦੀ ਛੁੱਟੀ., ਪੈਨਸ਼ਨ ਅਤੇ ਹੋਰ ਸਬੰਧਤ ਮਾਮਲਿਆਂ ਬਾਰੇ ਇਨ੍ਹਾਂ ਵਿਨਿਯਮਾਂ ਵਿਚ ਸਪਸ਼ਟ ਤੌਰ ਤੇ ਕੋਈ ਉਪਬੰਧ ਨਹੀਂ ਕੀਤਾ ਗਿਆ । ਇਨ੍ਹਾਂ ਸਬੰਧੀ ਬਿਜਲੀ (ਸਪਲਾਈ) ਐਕਟ, 1948 ਦੇ ਖੰਡ 79 (ਣ) ਅਧੀਨ ਬੋਰਡ ਵਲੋ ਬਣਾਏ ਗਏ ਜਾਂ ਇਸ ਤੋਂ ਬਾਅਦ ਬਣਾਏ ਜਾਣ ਵਾਲੇ ਵਿਨਿਯਮ ਉਨ੍ਹਾਂ ਤੇ ਲਾਗੂ ਹੋਣਗੇ ।

## <u>ਲੋਦਾ</u>

18 ਜਦੋਂ ਕਦੇ ਵੀ ਬੋਰਡ ਕਿਸੇ ਵਿਸ਼ੇਸ਼ ਜਾਂ ਆਮ ਹੁਕਮ ਰਾਹੀਂ ਇਕ ਵਾਰ ਜਾਂ ਦੁਬਾਰਾ ਲੋਦੇ ਲਵਾਣ ਲਈ ਕਹੇ ਤਾਂ ਸੇਵਾ ਦਾ ਹਰੇਕ ਮੈਂਬਰ ਲੋਦੇ ਲਵਾਏਗਾ ।

## <u>ਸੇਵਾ/ਬਦਲੀ ਦੀ ਸੰਭਾਵਨਾ</u>

19 ਸੇਵਾ ਦੇ ਹਰੇਕ ਮੈਂਬਰ ਨੂੰ ਕਿਸੇ ਵੀ ਸਮੇਂ ਬੀ. ਐਮ. ਬੀ., ਬਿਆਸ ਉਸਾਰੀ ਬੋਰਡ, ਕੇਂਦਰੀ ਜਲ ਅਤੇ ਬਿਜਲੀ ਕਮਿਸ਼ਨ ਅਤੇ ਕਿਸੇ ਹੋਰ ਅਜਿਹੇ ਅਦਾਰੇ ਵਿਚ ਸੇਵਾ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ/ਬਦਲਿਆ ਜਾਵੇਗਾ ਜਿਸਦਾ ਚਾਰਜ ਪੰਜਾਬ ਰਾਜ ਬਿਜਲੀ ਬੋਰਡ ਨੇ ਕਿਸੇ ਸੰਗਠਨ/ਰਾਜ ਸਰਕਾਰ/ ਰਾਜ ਬਿਜਲੀ ਬੋਰਡ/ ਕੇਂਦਰੀ ਸਰਕਾਰ ਨਾਲ ਹਿੱਸੇ/ਸਹਿਯੋਗ ਕਾਰਨ ਸੰਭਾਲਿਆ ਹੋਵੇਗਾ ।

*Secretary*
*P.S.E.B, Patiala*

## ਅਨੁਸ਼ਾਸ਼ਨ, ਦੰਡ ਅਤੇ ਅਪੀਲ

20 (1) ਅਨੁਸ਼ਾਸ਼ਨ, ਦੰਡ ਅਤੇ ਅਪੀਲਾਂ ਦੇ ਮਾਮਲਿਆਂ ਸਬੰਧੀ, ਸੇਵਾ ਦੇ ਮੈਂਬਰਾਂ ਉਪਰ ਸਮੇਂ ਸਮੇਂ ਤਰਮੀਮ ਕੀਤੇ ਗਏ, ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਸਜ਼ਾ ਅਤੇ ਅਪੀਲ ਵਿਨਿਯਮ 1971 ਲਾਗੂ ਹੋਣਗੇ ।

ਪਰ ਇਹ ਵੀ ਦਰਜ ਕੀਤਾ ਜਾਂਦਾ ਹੈ ਕਿ ਦਿੱਤੇ ਜਾਣ ਵਾਲੇ ਦੰਡ ਦੀ ਕਿਸਮ, ਅਜਿਹਾ ਦੰਡ ਦੇ ਸਕਣ ਵਾਲਾ ਅਧਿਕਾਰੀ ਅਤੇ ਅਪੀਲੀ ਅਧਿਕਾਰੀ ਅੰਤਕਾ 'ੲ' ਵਿਚ ਦਰਜ ਕੀਤੇ ਅਨੁਸਾਰ ਹੋਣਗੇ ।

(2) ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ (ਸਜ਼ਾ ਅਤੇ ਅਪੀਲ) ਵਿਨਿਯਮ 1971 ਦੇ ਵਿਨਿਯਮ – 18 ਅਧੀਨ, ਹੁਕਮ ਜਾਰੀ ਕਰਨ ਲਈ ਸਮਰੱਥ ਅਧਿਕਾਰੀ ਸਕੱਤਰ/ਉਪ ਸਕੱਤਰ/ਮੁੱਖ ਇੰਜੀਨੀਅਰ/ ਮੁੱਖ ਲੇਖਾ ਅਫਸਰ ਆਦਿ ਜਾਂ ਹੋਰ ਬਰਾਬਰ ਅਹੁਦਿਆਂ ਦੇ ਅਫਸਰ ਹੋਣਗੇ, ਜਿਵੇਂ ਕਿ ਕੇਸ ਹੋਵੇ ।

## ਜਨਰਲ

21 ਅਜਿਹੇ ਸਾਰੇ ਮਾਮਲਿਆਂ ਸਬੰਧੀ ਜਿਨ੍ਹਾਂ ਬਾਰੇ ਇਨ੍ਹਾਂ ਵਿਨਿਯਮਾਂ ਵਿਚ ਸਪਸ਼ਟ ਤੌਰ ਤੇ ਉਪਬੰਧ ਨਹੀਂ ਕੀਤਾ ਗਿਆ, ਸੇਵਾ ਦੇ ਮੈਂਬਰਾਂ ਉਪਰ ਬੋਰਡ ਵੱਲੋਂ ਬਣਾਏ ਗਏ ਜਾਂ ਇਸ ਤੋਂ ਬਾਅਦ ਸਮੇਂ ਸਮੇਂ ਬਣਾਏ ਜਾਂਣ ਵਾਲੇ ਜਨਰਲ (ਆਮ) ਵਿਨਿਯਮ ਲਾਗੂ ਹੋਣਗੇ ।

22 ਜਦੋਂ ਬੋਰਡ ਦੀ ਇਹ ਰਾਇ ਹੋਵੇ ਕਿ ਇਸ ਤਰਾਂ ਕਰਨਾ ਜਰੂਰੀ ਜਾਂ ਮੁਨਾਸਿਬ ਹੈ ਤਾਂ ਉਹ ਲਿਖਤੀ ਵਿਚ ਕਾਰਨ ਰਿਕਾਰਡ ਕਰਕੇ ਵਿਅਕਤੀਆਂ ਦੀ ਕਿਸੇ ਸ਼੍ਰੇਣੀ ਜਾਂ ਕੈਟਾਗਰੀ ਦੇ ਸਬੰਧ ਵਿਚ ਕਿਸੇ ਵੀ ਵਿਨਿਯਮਾਂ ਦੀ ਛੋਟ ਦੇ ਸਕਦਾ ਹੈ।

ਨੋਟ : ਤਨਖਾਹ ਸਕੇਲਾਂ ਵਿਚ ਸੋਧ ਕਾਰਨ ਤਨਖਾਹ ਵਿਚ ਵਾਧੇ ਨਾਲ ਚੋਥੇ ਦਰਜੇ ਦੀਆਂ ਵਰਤਮਾਨ ਕੈਟਾਗਰੀਆਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ ।

ਬਾ ਹੁਕਮ ਬੋਰਡ।

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

Secretary
P.S.E.B. Patiala

ਅੰਤਕਾ–'ੲ'

(ਇਸ ਦਾ ਹਵਾਲਾ ਵਿਨਿਯਮ 20 ਵਿੱਚ ਦਿੱਤਾ ਗਿਆ ਹੈ।)

| ਅਹੁਦਾ<br>1 | ਨਿਯੁਕਤੀ ਅਧਿਕਾਰੀ<br>2 | ਦੰਡ ਦੀ ਕਿਸਮ<br>3 | ਦੰਡ ਦੇਣ ਦਾ ਅਖਤਿਆਰ ਰੱਖਣ ਵਾਲਾ ਅਧਿਕਾਰੀ<br>4 | ਅਪੀਲੀ ਅਧਿਕਾਰੀ<br>5 |
|---|---|---|---|---|
| (ੳ) ਮੁੱਖ ਦਫ਼ਤਰ ਵਿੱਚ ਨਿਯੁਕਤ ਚੌਥੀ ਸ਼੍ਰੇਣੀ ਦੇ ਸਾਰੇ ਕਰਮਚਾਰੀ | ਸਕੱਤਰ,<br>ਉਪ ਸਕੱਤਰ,<br>ਮੁੱਖ ਇੰਜੀਨੀਅਰ<br>ਅਤੇ<br>ਮੁੱਖ ਲੇਖਾ ਅਫ਼ਸਰ | <u>ਛੋਟੇ ਦੰਡ</u><br>(1) ਨਿਖੇਧੀ (Censure)<br>(2) ਤਰੱਕੀਆਂ ਰੋਕਣਾ<br>(3) ਅਣਗਹਿਲੀ ਜਾਂ ਹੁਕਮ ਭੰਗ ਕਰਨ ਕਰਕੇ ਬੋਰਡ ਨੂੰ ਹੋਈ ਮਾਇਕ ਹਾਨੀ ਕਾਰਨ ਤਨਖਾਹ ਵਿਚੋਂ ਸਮੁੱਚੀ ਜਾਂ ਅੰਸ਼ਕ ਰਕਮ ਦੀ ਵਸੂਲੀ<br>(4) ਬਿਨਾਂ ਸੰਚਿਤ ਪ੍ਰਭਾਵ (Comulative effect) ਦੇ ਤਨਖਾਹ ਦੀਆਂ ਸਲਾਨਾ ਤਰੱਕੀਆਂ ਰੋਕਣਾ | ਸਕੱਤਰ,<br>ਉਪ ਸਕੱਤਰ,<br>ਮੁੱਖ ਇੰਜੀਨੀਅਰ<br>ਅਤੇ<br>ਮੁੱਖ ਲੇਖਾ ਅਫ਼ਸਰ | ਪ੍ਰਬੰਧਕੀ ਮੈਂਬਰ ਸਿਵਾਏ ਇਸ ਦੇ ਕਿ ਜਿਸ ਕੇਸ ਵਿੱਚ ਸਜ਼ਾ ਉਪ ਸਕੱਤਰ ਨੇ ਦਿੱਤੀ ਹੋਵੇ ਤਾਂ ਅਪੀਲੀ ਅਧਿਕਾਰੀ ਸਕੱਤਰ ਹੋਵੇਗਾ |

| ਅਹੁਦਾ<br>1 | ਨਿਯੁਕਤੀ ਅਧਿਕਾਰੀ<br>2 | ਦੰਡ ਦੀ ਕਿਸਮ<br>3 | ਦੰਡ ਦੇਣ ਦਾ ਅਖਤਿਆਰ ਰੱਖਣ ਵਾਲਾ ਅਧਿਕਾਰੀ<br>4 | ਅਪੀਲੀ ਅਧਿਕਾਰੀ<br>5 |
|---|---|---|---|---|
| | | <u>ਵੱਡੇ ਦੰਡ</u><br>(5) ਸੰਚਿਤ ਪ੍ਰਭਾਵ (Comulative effect) ਸਹਿਤ ਤਨਖਾਹ ਦੀਆਂ ਸਲਾਨਾ ਤਰੱਕੀਆਂ ਦਾ ਰੋਕਣਾ ਜਾਂ ਨਿਸ਼ਚਿਤ ਸਮੇਂ ਲਈ ਤਨਖਾਹ ਦੇ ਸਮਾਂ ਸਕੇਲ ਵਿੱਚ ਹੇਠਲੀ ਸਟੇਜ ਤੇ ਲਿਆਉਣਾ ਅਤੇ ਇਸ ਨਾਲ ਇਹ ਹਦਾਇਤਾਂ ਕਰਨਾ ਕਿ ਕੀ ਕਰਮਚਾਰੀ ਨੂੰ ਅਜਿਹੇ ਸਮਾਂ ਸਕੇਲ ਘਟਾਉਣ ਦੀ ਮਿਆਦ ਦੌਰਾਨ ਤਨਖਾਹ ਦੀਆਂ ਸਲਾਨਾ ਤਰੱਕੀਆਂ ਮਿਲਣਗੀਆਂ ਜਾਂ ਨਹੀਂ ਅਤੇ ਕੀ ਅਜਿਹੀ ਮਿਆਦ ਪੁੱਗਣ ਤੇ ਹੇਠਲੀ ਸਟੇਜ ਤੇ ਲਿਆਉਣ ਦਾ ਪ੍ਰਭਾਵ ਉਸ ਦੀ ਤਨਖਾਹ ਦੀਆਂ ਭਵਿੱਖਕਾਲੀ ਸਲਾਨਾ ਤਰੱਕੀਆਂ ਨੂੰ ਸਥੱਗਤ ਕਰਨ ਤੇ ਪਵੇਗਾ ਜਾਂ ਨਹੀਂ | | |

Secretary
P.S.E.B, Patiala

| 1 | 2 | 3 | 4 | 5 |
|---|---|---|---|---|
| | | (6) ਘਟਾ ਕੇ ਤਨਖਾਹ ਦੇ ਹੇਠਲੇ ਸਮਾਂ ਸਕੇਲ, ਗਰੇਡ, ਅਸਾਮੀ ਜਾਂ ਸੇਵਾ ਵਿੱਚ ਕਰਨਾ ਜਿਸ ਦੇ ਨਾਲ ਸਧਾਰਨ ਤੌਰ ਤੇ ਬੋਰਡ ਕਰਮਚਾਰੀ ਦੀ ਤਨਖਾਹ ਦੇ ਸਮਾਂ ਸਕੇਲ, ਗਰੇਡ, ਅਸਾਮੀ ਜਾਂ ਸੇਵਾ ਵਿੱਚ ਤਰੱਕੀ ਤੇ ਪਾਬੰਦੀ ਹੋਵੇਗੀ ਜਿਸ ਤੋਂ ਉਸ ਨੂੰ ਘਟਾਇਆ ਗਿਆ ਹੈ । ਇਸ ਤੋਂ ਇਲਾਵਾ ਉਸ ਗਰੇਡ, ਅਸਾਮੀ ਜਾਂ ਸੇਵਾ ਜਿਸ ਤੋਂ ਉਸਨੂੰ ਘਟਾਇਆ ਗਿਆ ਸੀ, ਤੇ ਮੁੜ ਬਹਾਲ ਕਰਨ ਅਤੇ ਉਸ ਗਰੇਡ, ਅਸਾਮੀ ਜਾਂ ਸੇਵਾ ਵਿੱਚ ਅਜਿਹੀ ਮੁੜ–ਬਹਾਲੀ ਤੇ ਉਸਦੀ ਸੀਨੀਅਰਤਾ ਅਤੇ ਤਨਖਾਹ ਸਬੰਧੀ ਅਗੇ ਹੋਰ ਹਦਾਇਤਾਂ ਦੇਣੀਆਂ ਜਾਂ ਨਾ ਦੇਣੀਆਂ । | | |

Secretary P.S.E.B Patiala

| 1 | 2 | 3 | 4 | 5 |
|---|---|---|---|---|
| | | (7) ਜਬਰੀ ਸੇਵਾ ਨਿਵਿਰਤੀ<br>(8) ਸੇਵਾ ਤੋਂ ਇਸ ਤਰ੍ਹਾਂ ਹਟਾਉਣਾ ਕਿ ਜਿਸ ਨਾਲ ਭਵਿੱਖ ਵਿੱਚ ਬੋਰਡ ਅਧੀਨ ਨੌਕਰੀ ਕਰਨ ਲਈ ਅਯੋਗ ਨਹੀਂ ਠਹਿਰਾਇਆ ਜਾਵੇਗਾ ।<br>(9) ਸੇਵਾ ਵਿਚੋਂ ਬਰਖਾਸਤਗੀ ਜਿਸ ਨਾਲ ਆਮ ਤੌਰ ਤੇ ਭਵਿੱਖ ਵਿੱਚ ਬੋਰਡ ਅਧੀਨ ਨੌਕਰੀ ਕਰਨ ਲਈ ਯੋਗ ਠਹਰਾਇਆ ਜਾਵੇ । | | |
| (ਅ) ਮਾਤਹਿਤ ਦਫ਼ਤਰਾਂ ਵਿੱਚ ਨਿਯੁਕਤ ਚੌਥੀ ਸ਼੍ਰੇਣੀ ਦੇ ਸਾਰੇ ਕਰਮਚਾਰੀ | ਨਿਗਰਾਨ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ ਜਾਂ ਹੋਰ ਬਰਾਬਰ ਰੈਂਕ ਦੇ ਅਫ਼ਸਰ | (1) ਤੋਂ (9) ਤਕ ਉਪਰਲੇ ਸਾਰੇ ਦੰਡ | ਨਿ. ਇੰ. ਅਤੇ ਕਾ. ਕਾ. ਇੰ. ਜਾਂ ਹੋਰ ਬਰਾਬਰ ਰੈਂਕ ਦੇ ਅਫ਼ਸਰ ਜਿਵੇਂ ਕਿ ਸੂਰਤ ਹੋਵੇ । | ਮੁੱਖ ਇੰਜੀਨਜਅਰ, ਮੁੱਖ ਲੇਖਾ ਅਫ਼ਸਰ ਅਤੇ ਨਿਗਰਾਨ ਇੰਜੀਨੀਅਰ |

Secretary
P.S.E.B, Patiala

ਅੰਤਕਾ–'ਸ'

**ਚੌਥੀ ਸ਼੍ਰੇਣੀ ਕਰਮਚਾਰੀਆਂ ਦੀ ਸੂਚੀ**

**(ਜਿਸ ਦਾ ਵਰਨਣ ਵਿਨਿਯਮ–16 ਵਿੱਚ ਹੈ)**

**ਮੁੱਖ ਦਫ਼ਤਰ ਕਾਡਰ ਦੀਆਂ ਅਸਾਮੀਆਂ**

| ਲੜੀ ਨੰ: | ਅਸਾਮੀ ਦਾ ਨਾਂ | ਤਨਖਾਹ ਸਕੇਲ |
|---|---|---|
| 1. | ਦਫ਼ਤਰੀ | 2930-4775 |
| 2. | ਰਿਕਾਰਡ ਲਿਫ਼ਟਰ | 2930-4775 |
| 3. | ਹਵਾਲਦਾਰ | 2930-4775 |
| 4. | ਸਟੋਰਮੇਟ | 2720-4300 |
| 5. | ਹੈਡੱ ਮਾਲੀ | 2930-4775 |
| 6. | ਮਾਲੀ | 2720-4300 |
| 7. | ਸੇਵਾਦਾਰ | 2720-4300 |
| 8. | ਚੌਕੀਦਾਰ | 2720-4300 |
| 9. | ਹੈਡੱ ਸਵੀਪਰ | 2930-4775 |
| 10. | ਸਵੀਪਰ | 2720-4300 |
| 11. | ਸਵੀਪਰ–ਕਮ–ਚੌਕੀਦਾਰ | 2720-4300 |
| 12. | ਆਟੋ ਹੈਲਪਰ | 2930-4775 |
| 13. | ਬੇਅਰਰ | 2930-4775 |
| 14. | ਬੁੱਕ ਬਾਈਂਡਰ | 2720-4300 |
| 15. | ਕੁੱਕ | 2930-4775 |
| 16. | ਡਾਕ ਰਨਰ | 2720-4300 |
| 17. | ਫੀਮੇਲ ਹੈਲਪਰ | 2930-4775 |
| 18. | ਗੇਮ ਬੁਆਏ | 2720-4300 |
| 19. | ਸੇਵਾਦਾਰ–ਕਮ–ਗਰਾਊਂਡ ਅਟੈਂਡੈਂਟ | 2720-4300 |



Secretary
P.S.E.B. Patiala

| | | |
|---|---|---|
| 20. | ਹੈਲਪਰ | 2720-4300 |
| 21. | ਆਇਆ | 2720-4300 |
| 22. | ਬੇਅਰਰ–ਕਮ–ਚੌਕੀਦਾਰ | 2930-4775 |
| 23. | ਖਲਾਸੀ | 2720-4300 |
| 24. | ਡਿਸਪੈਂਸਰੀ ਹੈਲਪਰ | 750-1350 ਮੁਢਲੀ ਸ਼ੁਰੂਆਤ 770/- |

**ਸਰਕਲ ਕਾਡਰ ਅਸਾਮੀਆਂ**

| | | |
|---|---|---|
| 1. | ਖ਼ਾਨਸਾਮਾ–ਕਮ–ਚੌਕੀਦਾਰ | 2930-4775 |
| 2. | ਬਿਲ ਵੰਡਕ | 2930-4775 |
| 3. | ਟਰੱਕਮੈਨ/ਬਸ ਕਲੀਨਰ | 2930-4775 |
| 4. | ਦਫਤਰੀ | 2930-4775 |
| 5. | ਹਵਾਲਦਾਰ | 2930-4775 |
| 6. | ਲੈਬੋਰੇਟਰੀ ਸਹਾਇਕ | 3260-5300 |
| 7. | ਬੋਟਮੈਨ | 2720-4300 |
| 8. | ਮਾਲੀ | 2720-4300 |
| 9. | ਸਟੋਰਮੇਟ | 2720-4300 |
| 10. | ਹੈਮਰਮੈਨ | 2720-4300 |
| 11. | ਕਲੀਨਰ/ਕਰੈਸ਼ਰ ਅਤੇ ਕਲੀਨਰ ਕਮ ਮੈਸੰਜਰ | 2930-4775 |
| 12. | ਸੈਨਟਰੀ ਜਮਾਂਦਾਰ | 750-1350 ਮੁਢਲੀ ਸ਼ੁਰੂਆਤ 770/- |
| 13. | ਰੈਗੂਲਰ ਟਰੇਡਜਮੈਨ ਮੇਟ/ ਟਰੇਡਜਮੈਨ ਮੇਟ | 2720-4300 |
| 14. | ਫੌਰੈਸਟ ਗਾਰਡ | 750-1350 ਮੁਢਲੀ ਸ਼ੁਰੂਆਤ 770/- |
| 15. | ਚੇਨਮੈਨ | 2720-4300 |
| 16. | ਗੈਂਗਮੇਟ | 750-1350 ਮੁਢਲੀ ਸ਼ੁਰੂਆਤ 770/- |
| 17. | ਹੈਲਪਰ/ਕਲੀਨਰ | 2930-4775 |



Secretary
P.S.E.B, Patiala

| | | |
|---|---|---|
| 18. | ਸਟੋਰਮੇਟ | 2720-4300 |
| 19. | ਫਲੋਰ ਸਟਰੈਕਚਰ ਕਲੀਨਰ | 750-1350 ਮੁਢਲੀ ਸ਼ੁਰੂਆਤ 770/- |
| 20. | ਖਲਾਸੀ | 2720-4300 |
| 21. | ਸੇਵਾਦਾਰ | 2720-4300 |
| 22. | ਚੌਕੀਦਾਰ | 2720-4300 |
| 23. | ਬਾਰਸਤੀ–ਕਮ–ਫਾਰਮੈਨ | 750-1350 ਮੁਢਲੀ ਸ਼ੁਰੂਆਤ 770/- |
| 24. | ਗੇਟ ਕੀਪਰ | 2720-4300 |
| 25. | ਬੇਲਦਾਰ | 2720-4300 |
| 26. | ਸਵੀਪਰ | 2720-4300 |
| 27. | ਸਵੀਪਰ–ਕਮ–ਚੌਕੀਦਾਰ | 2720-4300 |
| 28. | ਸਹਾਇਕ ਗੇਟ ਅਟੈਂਡੈਂਟ | 2720-4300 |
| 29. | ਐਟੋ ਹੈਲਪਰ | 2930-4775 |
| 30. | ਬੇਅਰਰ | 2930-4775 |
| 31. | ਬੇਅਰਰ–ਕਮ–ਚੌਕੀਦਾਰ | 2930-4775 |
| 32. | ਕੇਬਲ ਜੁਆਇੰਟ ਮੇਟ | 2930-4775 |
| 33. | ਕੁੱਕ | 2930-4775 |
| 34. | ਕੋਲ ਸੈਂਪਲਰ | 2720-4300 |
| 35. | ਰੀਗਰ ਸਿਲਿੰਗਰ | 2930-4775 |
| 36. | ਸਕਿਲਡ ਵਰਕਰ ਹੈਲਪਰ | 2930-4775 |
| 37. | ਵਾਟਰ ਸੈਂਪਲਰ | 750-1350 ਮੁਢਲੀ ਸ਼ੁਰੂਆਤ 770/- |
| 38. | ਸੀਵਰ ਮੈਨ | 2720-4300 |
| 39. | ਟੂਲ ਮੈਨ | 810-1440 |
| 40. | ਅਨਸਕਿਲਡ ਵਰਕਰ | 750-1350 |
| 41. | ਵਾਰਡ ਬੁਆਏ–ਕਮ–ਹੈਲਪਰ | 2720-4300 ਮੁਢਲੀ ਸ਼ੁਰੂਆਤ 770/- |
| 42. | ਟੈਲੀਫੂਨ ਅਟੈਂਡੈਂਟ | 2930-4775 |



Secretary
P.S.E.B, Patiala

| | | |
|---|---|---|
| 43. | ਚੌਕੀਦਾਰ–ਕਮ–ਕੁੱਕ | 2720-4300 |
| 44. | ਹੈਡੱ ਮਾਲੀ | 2930-4775 |
| 45. | ਹੈਡੱ ਸਵੀਪਰ | 2930-4775 |
| 46. | ਅਪਰੇਟਸ ਕਲੀਨਰ | 750-1350 ਮੁਢਲੀ ਸ਼ੁਰੂਆਤ 770/- |
| 47. | ਸਟੋਰਮੈਨ | 2930-4775 |
| 48. | ਜਨਰਲ ਅਟੈਂਡੈਂਟ | 2720-4300 |
| 49. | ਸੇਵਾਦਾਰ–ਕਮ–ਗਾਰਡ ਅਟੈਂਡੈਂਟ | 2720-4300 |
| 50. | ਸ਼ਿਫਟ ਅਟੈਂਡੈਂਟ | 750-1350 ਮੁਢਲੀ ਸ਼ੁਰੂਆਤ 770/- |
| 51. | ਆਰ.ਟੀ.ਐਮ../ਟੀ.ਮੇਟ | 2720-4300 |



Secretary
P.S.E.B. Patiala